Fair Advice Financial | Carte Wealth Management Inc.
RDSP (Registered Disability Savings Plan)
- Disabled person who is eligible for Disability Tax Credit.
- And who is 49 years old or younger.
- By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 230 | Tuesday, November 23, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਐਂਥਨੀ ਰੋਟਾ ਮੁੜ ਚੁਣੇ ਗਏ ਹਾਊਸ ਆਫ ਕਾਮਨਜ਼ ਦੇ ਸਪੀਕਰ

ਓਟਵਾ, 22 ਨਵੰਬਰ (ਪੋਸਟ ਬਿਊਰੋ) : ਪਾਰਲੀਆਮੈਂਟ ਮੈਂਬਰਜ਼ ਵੱਲੋਂ ਸੀਨੀਅਰ ਲਿਬਰਲ ਐਂਥਨੀ ਰੋਟਾ ਨੂੰ ਮੁੜ ਹਾਊਸ ਆਫ ਕਾਮਨਜ਼ ਦਾ ਸਪੀਕਰ ਚੁਣ ਲਿਆ ਗਿਆ ਹੈ।



ਸੋਮਵਾਰ ਨੂੰ ਰੋਟਾ ਦੀ ਸਪੀਕਰ ਵਜੋਂ ਮੁੜ ਕੀਤੀ ਗਈ ਚੋਣ ਕੋਈ ਹੈਰਾਨੀ ਵਾਲਾ ਫੈਸਲਾ ਨਹੀਂ ਸੀ। ਕੋਵਿਡ-19 ਮਹਾਂਮਾਰੀ ਦੌਰਾਨ ਹਾਊਸ ਆਫ ਕਾਮਨਜ਼ ਦੀ ਕਾਰਵਾਈ ਨੂੰ ਬਿਨਾਂ ਪੱਖਪਾਤ ਦੇ ਬੜੇ ਹੀ ਸੁਚੱਜੇ ਢੰਗ ਨਾਲ ਚਲਾਉਣ ਵਾਸਤੇ ਰੋਟਾ ਦੀ ਆਪਣੀ ਪਾਰਟੀ ਵੱਲੋਂ ਹੀ ਨਹੀਂ ਸਗੋਂ ਵਿਰੋਧੀ ਪਾਰਟੀਆਂ ਵੱਲੋਂ ਵੀ ਕਾਫੀ ਸਿਫਤ ਹੋਈ। ਰੋਟਾ ਨੂੰ ਸਾਰੇ ਉਨ੍ਹਾਂ ਦੇ ਮਜ਼ਾਕੀਆ ਤੇ ਸ਼ਾਂਤ ਸੁਭਾਅ ਲਈ ਵੀ ਪਸੰਦ ਕਰਦੇ ਹਨ।

20 ਸਤੰਬਰ ਨੂੰ ਕੈਨੇਡੀਅਨਜ਼ ਨੇ ਇੱਕ ਵਾਰੀ ਫਿਰ ਘੱਟਗਿਣਤੀ ਲਿਬਰਲ ਸਰਕਾਰ ਦੀ ਚੋਣ ਕੀਤੀ ਸੀ।ਇਸ ਤੋਂ ਬਾਅਦ ਸੀਟਾਂ ਵਿੱਚ ਮਾਮੂਲੀ ਫੇਰਬਦਲ ਹੋਇਆ ਸੀ।ਪੰਜ ਮਹੀਨਿਆਂ ਵਿੱਚ ਪਹਿਲੀ ਵਾਰੀ ਸੋਮਵਾਰ ਨੂੰ ਐਮਪੀਜ਼ ਹਾਊਸ ਆਫ ਕਾਮਨਜ਼ ਵਿੱਚ ਪਰਤੇ ਤੇ ਨਵਾਂ ਸਪੀਕਰ ਚੁਣਿਆ ਜਾਣਾ ਸੰਸਦ ਦੀ ਕਾਰਵਾਈ ਸ਼ੁਰੂ ਕਰਨ ਦਾ ਪਹਿਲਾ ਕਦਮ ਹੈ। ਇਸ ਅਹੁਦੇ ਲਈ ਛੇ ਹੋਰ ਐਮਪੀਜ਼ ਮੁਕਾਬਲੇ ਵਿੱਚ ਨਿੱਤਰੇ ਸਨ ਜਿਨ੍ਹਾਂ ਵਿੱਚੋਂ ਤਿੰਨ ਕੰਜ਼ਰਵੇਟਿਵ, ਇੱਕ ਲਿਬਰਲ, ਇੱਕ ਨਿਊ ਡੈਮੋਕ੍ਰੈਟ ਤੇ ਇੱਕ ਗ੍ਰੀਨ ਸੀ। ਐਮਪੀਜ਼ ਵੱਲੋਂ ਗੁਪਤ ਵੋਟਿੰਗ ਕਰਨ ਤੋਂ ਬਾਅਦ ਰੋਟਾ ਜੇਤੂ ਰਹੇ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

## ਭਲਕ ਤੋਂ ਬੱਚਿਆਂ ਲਈ ਕੋਵਿਡ-19 ਵੈਕਸੀਨ ਵਾਸਤੇ ਅਪੁਆਇੰਟਮੈਂਟ ਬੁੱਕ ਕਰ ਸਕਣਗੇ ਓਨਟਾਰੀਓ ਦੇ ਪਰਿਵਾਰ

ਟੋਰਾਂਟੋ, 22 ਨਵੰਬਰ (ਪੋਸਟ ਬਿਊਰੋ) : ਇਸ ਹਫਤੇ ਤੋਂ ਪੰਜ ਤੋਂ 11 ਸਾਲ ਉਮਰ ਵਰਗ ਦੇ ਬੱਚਿਆਂ ਲਈ ਓਨਟਾਰੀਓ ਵਿੱਚ ਕੋਵਿਡ-19 ਵੈਕਸੀਨੇਸ਼ਨ ਸ਼ੁਰੂ ਹੋਣ ਜਾ ਰਹੀ ਹੈ। ਇਸ ਸਬੰਧ ਵਿੱਚ ਮੰਗਲਵਾਰ ਤੋਂ ਪਰਿਵਾਰ ਇਸ ਉਮਰ ਦੇ ਆਪਣੇ ਬੱਚਿਆਂ ਦੀ ਵੈਕਸੀਨੇਸ਼ਨ ਲਈ ਅਪੁਆਇੰਟਮੈਂਟਸ ਬੁੱਕ ਕਰ ਸਕਣਗੇ।

ਅਧਿਕਾਰੀਆਂ ਨੇ ਦੱਸਿਆ ਕਿ ਪ੍ਰੋਵਿੰਸ਼ੀਅਲ ਵੈਕਸੀਨ ਪੋਰਟਲ ਉੱਤੇ ਸਵੇਰੇ 8:00 ਵਜੇ ਤੋਂ ਅਪੁਆਇੰਟਮੈਂਟਸ ਖੁੱਲ੍ਹ ਜਾਣਗੀਆਂ। ਮਾਪੇ ਕਾਲ ਸੈਂਟਰ ਉੱਤੇ ਫੋਨ ਕਰਕੇ ਅਪੁਆਇੰਟਮੈਂਟਸ ਬੁੱਕ ਕਰ ਸਕਦੇ ਹਨ, ਆਪਣੀਆਂ ਲੋਕਲ ਪਬਲਿਕ ਹੈਲਥ ਯੂਨਿਟਸ ਰਾਹੀਂ ਬੁਕਿੰਗ ਕਰਵਾ ਸਕਦੇ ਹਨ, ਫਾਰਮੇਸੀ ਜਾ ਸਕਦੇ ਹਨ ਜਾਂ ਆਪਣੇ ਪ੍ਰਾਈਮਰੀ ਕੇਅਰ ਪ੍ਰੋਵਾਈਡਰਜ਼ ਨੂੰ ਮਿਲ ਸਕਦੇ ਹਨ। ਇਸ ਸਾਲ



ਦੇ ਅੰਤ ਤੱਕ ਪੰਜ ਸਾਲ ਦੇ ਹੋਣ ਜਾ ਰਹੇ ਬੱਚੇ ਵੀ ਇਸ ਟੀਕਾਕਰਣ ਲਈ ਯੋਗ ਹੋਣਗੇ।

ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਇੱਕ ਬਿਆਨ ਵਿੱਚ ਆਖਿਆ ਕਿ ਪੰਜ ਤੋਂ 11 ਸਾਲ ਉਮਰ ਵਰਗ ਦੇ ਬੱਚਿਆਂ ਲਈ ਫਾਈਜ਼ਰ ਵੈਕਸੀਨ ਨੂੰ ਮਨਜ਼ੂਰੀ ਮਿਲ ਜਾਣਾ ਪਰਿਵਾਰਾਂ ਲਈ ਬਹੁਤ ਹੀ ਉਤਸਾਹਪੂਰਬਕ ਗੱਲ ਹੈ। ਇਹ ਬਹੁਤ ਹੀ ਸਕਾਰਾਤਮਕ ਖਬਰ ਹੈ। ਉਨ੍ਹਾਂ ਆਖਿਆ ਕਿ ਅਸੀਂ ਸਾਰੇ ਓਨਟਾਰੀਓ ਵਾਸੀਆਂ ਨੂੰ ਹੱਲਾਸ਼ੇਰੀ ਦੇਣਾ ਜਾਰੀ ਰੱਖਾਂਗੇ ਤਾਂ ਕਿ ਉਹ ਖੁਦ ਨੂੰ, ਆਪਣੇ ਪਰਿਵਾਰਾਂ ਨੂੰ ਤੇ ਆਪਣੀਆਂ ਕਮਿਊਨਿਟੀਜ਼ ਦੀ ਹਿਫਾਜ਼ਤ ਕਰ ਸਕਣ।

ਪ੍ਰੋਵਿੰਸ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਉਹ 25 ਨਵੰਬਰ ਤੱਕ ਅਪੁਆਇੰਟਮੈਂਟਸ ਦੇਣਗੇ।ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ ਵੱਲੋਂ ਕੀਤੀ ਗਈ ਸਿਫਾਰਿਸ਼ ਅਨੁਸਾਰ ਇਸ ਉਮਰ ਵਰਗ ਦੇ ਬੱਚਿਆਂ ਨੂੰ ਅੱਠ ਹਫਤਿਆਂ ਦੇ ਵਕਫੇ ਉੱਤੇ ਵੈਕਸੀਨ ਦੀਆਂ ਦੋ ਡੋਜ਼ਾਂ ਦੇਣੀਆਂ ਹੋਣਗੀਆਂ। ਟੀਕਾਕਰਣ ਤੋਂ ਪਹਿਲਾਂ ਜਾਂ ਅਪੁਆਇੰਟਮੈਂਟਸ ਵੇਲੇ ਮਾਪਿਆਂ ਤੇ ਕੇਅਰਗਿਵਰਜ਼ ਦੀ ਰਜ਼ਾਮੰਦੀ ਚਾਹੀਦੀ ਹੋਵੇਗੀ।

## ਮਿਲਟਨ ਵਿੱਚ ਅੱਜ ਹੋਵੇਗਾ ਮਿਰੇਕਲ ਆਨ ਮੇਨ ਸਟਰੀਟ ਈਵੈਂਟ

ਓਨਟਾਰੀਓ, 22 ਨਵੰਬਰ (ਪੋਸਟ ਬਿਊਰੋ) : ਸਾਲ ਦਾ ਉਹ ਸਮਾਂ ਆ ਚੁੱਕਿਆ ਹੈ ਜਦੋਂ ਪਰਿਵਾਰ ਹਾਲੀਡੇਅ ਸੀਜ਼ਨ ਬਾਰੇ ਸੋਚਣ ਲੱਗਦੇ ਹਨ। ਹਾਲਟਨ ਰੀਜਨ ਵਿੱਚ ਅਜਿਹੇ ਕਈ ਪਰਿਵਾਰ ਹਨ ਜਿਹੜੇ ਬਹੁਤੇ ਖੁਸ਼ਕਿਸਮਤ ਨਹੀਂ ਹਨ ਤੇ ਜਿਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਕ੍ਰਿਸਮਸ ਦੀਆਂ ਖੁਸ਼ੀਆਂ ਦੇਣ ਲਈ ਕਾਫੀ ਸੰਘਰਸ਼ ਕਰਨਾ ਪੈਂਦਾ ਹੈ। ਕਈ ਪਰਿਵਾਰ ਤਾਂ ਆਪਣੇ ਬੱਚਿਆਂ ਨੂੰ ਖਿਡੌਣੇ ਵੀ ਨਹੀਂ ਲੈ ਕੇ ਦੇ ਸਕਦੇ। ਇਸ ਸਾਲ ਤਾਂ ਇਹ ਸੰਘਰਸ਼ ਕਈ ਪਰਿਵਾਰਾਂ ਲਈ ਹੋਰ ਵੀ ਜ਼ਿਆਦਾ ਹੋਵੇਗਾ।



ਟਾਈਗਰ ਜੀਤ ਸਿੰਘ ਫਾਊਂਡੇਸ਼ਨ ਅਤੇ ਹਾਲਟਨ ਰੀਜਨਲ ਪੁਲਿਸ ਸਰਵਿਸ ਵੱਲੋਂ ਸਾਲਾਨਾ ਮਿਰੇਕਲ ਆਨ ਮੇਨ ਸਟਰੀਟ ( ਜਿਸ ਨੂੰ ਪਹਿਲਾਂ ਟੌਇਜ਼ ਫੌਰ ਟੌਟਸ ਆਖਿਆ ਜਾਂਦਾ ਸੀ) ਕ੍ਰਿਸਮਸ ਡੋਨੇਸ਼ਨ ਡਰਾਈਵ ਚਲਾਈ ਜਾ ਰਹੀ ਹੈ। ਇਨ੍ਹਾਂ ਦੋਵਾਂ ਆਰਗੇਨਾਈਜ਼ੇਸ਼ਨਜ਼ ਵੱਲੋਂ ਹਾਲਟਨ ਰੀਜਨ ਵਿੱਚ ਲੋੜਵੰਦ ਪਰਿਵਾਰਾਂ ਲਈ ਫੰਡ ਅਤੇ ਖਿਡੌਣੇ ਇੱਕਠੇ ਕਰਨ ਤੇ ਉਨ੍ਹਾਂ ਨੂੰ ਵੰਡਣ ਦਾ ਇਹ ਸਿਲਸਿਲਾ ਚਾਰ ਸਾਲਾਂ ਤੋਂ ਚੱਲ ਰਿਹਾ ਹੈ। ਇਨ੍ਹਾਂ ਆਰਗੇਨਾਈਜ਼ੇਸ਼ਨਜ਼ ਦੇ ਰਲੇਵੇਂ ਨਾਲ ਸਾਲਾਨਾ ਡੋਨੇਸ਼ਨ ਡਰਾਈਵਜ਼ ਨੂੰ ਹੋਰ ਬਲ ਮਿਲਿਆ ਹੈ ਤੇ ਇਸ ਨਾਲ ਉਹ ਰਲ ਕੇ ਪਹਿਲਾਂ ਨਾਲੋਂ ਵੀ ਜ਼ਿਆਦਾ ਪਰਿਵਾਰਾਂ ਦੀ ਮਦਦ ਕਰ ਸਕਦੇ ਹਨ।

100 ਫੀ ਸਦੀ ਡੋਨੇਸ਼ਨ ਹਾਲਟਨ ਕਮਿਊਨਿਟੀ ਨੂੰ ਹੀ ਵਾਪਿਸ ਮਿਲਦੀ ਹੈ। ਟਾਈਗਰ ਜੀਤ ਸਿੰਘ ਫਾਊਂਡੇਸ਼ਨ ਮਾਲਟਨ ਸਥਿਤ ਚੈਰਿਟੀ ਹੈ ਤੇ ਇਸ ਦੀ ਸ਼ੁਰੂਆਤ ਰੈਸਲਿੰਗ ਦੇ ਮਹਾਰਥੀ, ਮਨੁੱਖਤਾਵਾਦੀ, ਫਿਲੈਨਥਰੌਪਿਸਟ ਟਾਈਗਰਜੀਤ ਸਿੰਘ ਤੇ ਉਨ੍ਹਾਂ ਦੇ ਬੇਟੇ ਟਾਈਗਰ ਅਲੀ ਸਿੰਘ ਵੱਲੋਂ ਕੀਤੀ ਗਈ ਸੀ।ਪਿਛਲੇ 12 ਸਾਲਾਂ ਤੋਂ ਟਾਈਗਰਜੀਤ ਸਿੰਘ ਫਾਊਂਡੇਸ਼ਨ ਨੇ ਮਿਰੇਕਲ ਆਨ ਮੇਨ ਸਟਰੀਟ ਈਵੈਂਟ ਦਾ ਆਯੋਜਨ ਕੀਤਾ ਜਿਸ ਸਦਕਾ ਡੋਨੇਸ਼ਨ ਰਾਹੀਂ ਕਈ ਮਿਲੀਅਨ ਡਾਲਰ ਇੱਕਠੇ ਕੀਤੇ ਜਾ ਚੁੱਕੇ ਹਨ ਤੇ ਰੀਜਨ ਦੇ ਲੋੜਵੰਦ ਪਰਿਵਾਰਾਂ ਨੂੰ ਦਿੱਤੇ ਜਾ ਚੁੱਕੇ ਹਨ। ਇਨ੍ਹਾਂ ਡੋਨੇਸ਼ਨਾਂ ਰਾਹੀਂ ਹੀ ਲੋੜਵੰਦ ਬੱਚਿਆਂ ਨੂੰ ਸਪਾਂਸਰਸ਼ਿਪਸ ਤੇ ਪਰਿਵਾਰਾਂ ਦੀ ਆਰਥਿਕ ਮਦਦ ਵੀ ਕੀਤੀ ਗਈ।

ਇਸ ਤੋਂ ਇਲਾਵਾ ਮੈਕਮਾਸਟਰ ਚਿਲਡਰਨਜ਼ ਹਾਸਪਿਟਲ ਤੇ ਸਿੱਕਕਿੱਡਜ਼ ਵਿੱਚ ਦਾਖਲ ਬੱਚਿਆਂ ਲਈ ਵੀ ਹਜ਼ਾਰਾਂ ਖਿਡੌਣੇ ਖਰੀਦੇ ਗਏ।1999 ਤੋਂ ਹੀ ਹਾਲਟਲ ਰੀਜਨਲ ਪੁਲਿਸ ਸਰਵਿਸ ਨੇ ਟੌਇਜ਼ ਫੌਰ ਟੌਟਸ ਤੇ ਮਿਰੇਕਲ ਆਨ ਮੇਨ ਸਟਰੀਟ ਕੈਂਪੇਨਜ਼ ਰਾਹੀਂ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਹੈ। 23 ਨਵੰਬਰ, ਮੰਗਲਵਾਰ ਨੂੰ ਦੁਪਹਿਰੇ 1:00 ਵਜੇ ਇੱਕ ਵਾਰੀ ਫਿਰ ਮਿਲਟਨ ਵਿੱਚ 295 ਮੇਨ ਸਟਰੀਟ ਈਸਟ ਉੱਤੇ ਸਥਿਤ ਟਰੌਏਜ਼ ਡਾਈਨਰ ਵਿੱਚ ਅਸੀਂ ਮਿਰੇਕਲ ਆਨ ਮੇਨ ਸਟਰੀਟ ਈਵੈਂਟ ਲਾਂਚ ਕਰਨ ਜਾ ਰਹੇ ਹਾਂ। ਇਸ ਮੌਕੇ ਆਨਲਾਈਨ ਡੋਨੇਸ਼ਨਜ਼ ਵੀ www.MiracleOnMain.ca ਉੱਤੇ ਸਵੀਕਾਰੀਆਂ ਜਾਣਗੀਆਂ।

## ਕੋਵਿਡ-19 ਆਊਟਬ੍ਰੇਕ ਕਾਰਨ ਫਲੈਮਿੰਗਡਨ ਪਾਰਕ ਐਲੀਮੈਂਟਰੀ ਸਕੂਲ ਨੂੰ ਕੀਤਾ ਗਿਆ ਬੰਦ



ਟੋਰਾਂਟੋ, 22 ਨਵੰਬਰ (ਪੋਸਟ ਬਿਊਰੋ) : 15 ਵਿਦਿਆਰਥੀਆਂ ਦੇ ਕੋਵਿਡ-19 ਪਾਜ਼ੀਟਿਵ ਆਉਣ ਕਾਰਨ ਫਲੈਮਿੰਗਡਨ ਪਾਰਕ ਐਲੀਮੈਂਟਰੀ ਸਕੂਲ ਨੂੰ ਇਨ ਪਰਸਨ ਲਰਨਿੰਗ ਲਈ ਬੰਦ ਕਰ ਦਿੱਤਾ ਗਿਆ ਹੈ। ਇਸ ਆਊਟਬ੍ਰੇਕ ਦਾ ਪਤਾ ਲੱਗਣ ਤੋਂ ਬਾਅਦ ਟੋਰਾਂਟੋ ਪਬਲਿਕ ਹੈਲਥ ਨੇ ਸੋਮਵਾਰ ਦੁਪਹਿਰ ਨੂੰ ਡੌਨ ਮਿੱਲਜ਼ ਰੋਡ ਤੇ ਐਗਲਿੰਟਨ ਐਵਨਿਊ ਨੇੜੇ ਸਥਿਤ ਗ੍ਰੈਨੋਬਲ ਪਬਲਿਕ ਸਕੂਲ ਨੂੰ ਬੰਦ ਕਰਨ ਦਾ ਐਲਾਨ ਕੀਤਾ।ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਹੈ ਕਿ ਇਸ ਸਕੂਲ ਨੂੰ ਕਿੰਨੇ ਸਮੇਂ ਲਈ ਬੰਦ ਰੱਖਿਆ ਜਾਵੇਗਾ।

ਪਬਲਿਕ ਹੈਲਥ ਅਧਿਕਾਰੀਆਂ ਨੇ ਟਵਿੱਟਰ ਉੱਤੇ ਦੱਸਿਆ ਕਿ ਇਹ ਕਦਮ ਅਹਿਤਿਆਤਨ ਸਟਾਫ, ਵਿਦਿਆਰਥੀਆਂ ਤੇ ਕਮਿਊਨਿਟੀ ਦੀ ਸੁਰੱਖਿਆ ਲਈ ਚੁੱਕੇ ਜਾ ਰਹੇ ਹਨ। ਇਸ ਸਮੇਂ ਓਨਟਾਰੀਓ ਵਿੱਚ ਘੱਟੋ ਘੱਟ ਨੌਂ ਸਕੂਲ ਅਜਿਹੇ ਹਨ ਜਿਨ੍ਹਾਂ ਨੂੰ ਕੋਵਿਡ-19 ਆਊਟਬ੍ਰੇਕ ਕਾਰਨ ਬੰਦ ਕੀਤਾ ਗਿਆ ਹੈ। ਪਿਛਲੇ ਹਫਤੇ ਪਬਲਿਕ ਸਕੂਲ ਸਿਸਟਮ ਨਾਲ ਜੁੜੇ ਕੋਵਿਡ-19 ਮਾਮਲਿਆਂ ਵੱਚ 25 ਫੀ ਸਦੀ ਇਜਾਫਾ ਹੋਇਆ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

INSURANCE MART
INSURANCE COMPANY
- Life Insurance
- Critical Illness
- Disability
- Super Visa
- Home and Auto Insurance
Gurdip Gill
(647)767-6665
gurdipgill1@hotmail.ca

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Dubai Jewellers
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


BLACK FRIDAY DEALS ARE IN.
GET A $50 IN-STORE CREDIT
*WITH NEW ACTIVATION ON A $40/MO DATA, TALK, & TEXT PLAN OR HIGHER
chatr™ AUTHORIZED DEALER
1 Promenade Circle | Thornhill, ON | 647-274-3808
379 Main St. North | Brampton, ON | 905-451-0379
2456 Lake Shore Blvd West | Etobicoke, ON | 416-259-3654
*Offer available Friday, November 26th 2021 and subject to change without notice. Only applicable with new activation on a $40/mo or higher Data, Talk & Text plan. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. ™ Trademarks used under license ©2021

# ਕਿਸਾਨ ਵਿਰੋਧੀ ਬਿੱਲਾਂ ਨੂੰ ਮਨਸੂਖ਼ ਕਰਨ ਦਾ ਐਲਾਨ ਕਿਸਾਨਾਂ ਲਈ ਵੱਡੀ ਜਿੱਤ : ਓਐਸਜੀਸੀ

ਓਨਟਾਰੀਓ, 22 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਿੱਖਜ਼ ਐਂਡ ਗੁਰਦੁਆਰਾ ਕਾਉਂਸਲ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ 19 ਨਵੰਬਰ ਦਾ ਦਿਨ ਵਿਸ਼ਵ ਕਮਿਊਨਿਟੀ ਲਈ ਬਹੁਤ ਹੀ ਖਾਸ ਸੀ। ਉਸ ਦਿਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਸੀ, ਜਿਸ ਨੂੰ ਦੁਨੀਆਂ ਭਰ ਵਿੱਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਉਸ ਦਿਨ ਪਿਛਲੇ ਇੱਕ ਸਾਲ ਤੋਂ ਭਾਰਤ ਦੀਆਂ ਸੜਕਾਂ ਉੱਤੇ ਕਿਸਾਨ ਵਿਰੋਧੀ 3 ਬਿੱਲਾਂ ਖਿਲਾਫ ਸੰਘਰਸ਼ ਕਰ ਰਹੇ ਸਾਡੇ ਕਿਸਾਨਾਂ ਲਈ ਵੀ ਬਹੁਤ ਹੀ ਚੰਗੀ

ਓਨਟੇਰੀਓ ਗੁਰਦੁਵਾਰਾਜ਼ ਕਮੇਟੀ ONTARIO GURDWARAS COMMITTEE

ਖਬਰ ਆਈ।

ਭਾਰਤ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਉਨ੍ਹਾਂ ਵੱਲੋਂ ਕਿਸਾਨ ਵਿਰੋਧੀ ਤਿੰਨਾਂ ਬਿੱਲਾਂ ਨੂੰ ਮਨਸੂਖ਼ ਕੀਤਾ ਜਾਵੇਗਾ ਤੇ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਕਿਸਾਨ ਸੰਘਰਸ਼ ਕਰ ਰਹੇ ਹਨ ਉਨ੍ਹਾਂ ਉੱਤੇ ਵੀ ਕੰਮ ਕੀਤਾ ਜਾਵੇਗਾ।ਓਐਸਜੀਸੀ ਦੇ ਚੇਅਰਮੈਨ ਕੁਲਤਾਰ ਸਿੰਘ ਨੇ ਆਖਿਆ ਕਿ ਕਿਸਾਨਾਂ ਦੀ ਇਸ ਪ੍ਰਾਪਤੀ ਉੱਤੇ ਉਹ ਖੁਸ਼ ਹਨ। ਉਨ੍ਹਾਂ ਆਖਿਆ ਕਿ ਜਿਸ ਦਿਨ ਤੋਂ ਕਿਸਾਨਾਂ ਵੱਲੋਂ ਸੰਘਰਸ਼ ਸ਼ੁਰੂ ਕੀਤਾ ਗਿਆ ਹੈ ਉਦੋਂ ਤੋਂ ਹੀ ਓਐਸਜੀਸੀ ਕਿਸਾਨਾਂ ਦੇ ਨਾਲ ਹੈ। ਉਨ੍ਹਾਂ ਆਖਿਆ ਕਿ ਅਸੀਂ ਕਿਸਾਨਾਂ ਦੇ ਲੀਡਰਾਂ ਨਾਲ ਵੀ ਰਾਬਤਾ ਰੱਖ ਰਹੇ ਸੀ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਮਦਦ ਚਾਹੀਦੀ ਹੈ।

ਓਐਸਜੀਸੀ ਨੇ ਹਮੇਸ਼ਾਂ ਕਿਸਾਨ ਆਗੂਆਂ ਤੇ ਸਰਕਾਰ ਨੂੰ ਇਸ ਮਸਲੇ ਦੇ ਹੱਲ ਲਈ ਵੀ ਕਈ ਤਰ੍ਹਾਂ ਦੇ ਸੁਝਾਅ ਦਿੱਤੇ ਸਨ। ਉਨ੍ਹਾਂ ਆਖਿਆ ਕਿ ਕਿਸਾਨਾਂ ਦੀ ਇੱਕਜੁੱਟਤਾ ਤੇ ਸਾਂਝੀਆਂ ਕੋਸ਼ਿਸ਼ਾਂ ਸਦਕਾ ਹੀ ਕਿਸਾਨਾਂ ਨੂੰ ਇਹ ਜਿੱਤ ਹਾਸਲ ਹੋਈ ਹੈ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਵੱਲੋਂ ਇਨ੍ਹਾਂ ਬਿੱਲਾਂ ਨੂੰ ਮਨਸੂਖ਼ ਕਰਨ ਦੇ ਕੀਤੇ ਗਏ ਵਾਅਦੇ ਨੂੰ ਹੁਣ ਵਫਾ ਕਰਨ ਦਾ ਟਾਈਮ ਆ ਗਿਆ ਹੈ ਤੇ ਅਸੀਂ ਆਸ ਕਰਦੇ ਹਾਂ ਕਿ ਪ੍ਰਧਾਨ ਮੰਤਰੀ ਆਪਣਾ ਵਾਅਦਾ ਪੂਰਾ ਕਰਨਗੇ ਤੇ ਪਾਰਲੀਆਮੈਂਟ ਦੇ ਸਰਦ ਰੁੱਤ ਸੈਸ਼ਨ ਵਿੱਚ ਕਿਸਾਨਾਂ ਨਾਲ ਸਬੰਧਤ ਇਨ੍ਹਾਂ ਤਿੰਨਾਂ ਬਿੱਲਾਂ ਨੂੰ ਮਨਸੂਖ਼ ਕਰ ਦੇਣ ਤਾਂ ਕਿ ਕਿਸਾਨ ਵੀ ਠੰਢ ਦੇ ਮੌਸਮ ਵਿੱਚ ਆਪਣੇ ਘਰਾਂ ਨੂੰ ਜਾ ਸਕਣ।

# ਏਟੀਐਮ ਚੋਰੀ ਕਰਨ ਵਾਲਾ ਇੱਕ ਕਾਬੂ, ਦੂਜੇ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 22 ਨਵੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਪਿੱਕਅੱਪ ਟਰੱਕ ਡਰਾਈਵਰ ਵੱਲੋਂ ਏਟੀਐਮ ਹੀ ਪੁੱਟ ਦਿੱਤਾ ਗਿਆ।ਇਸ ਸਬੰਧ ਵਿੱਚ ਪੀਲ ਰੀਜਨ ਦੀ ਪੁਲਿਸ ਵੱਲੋਂ ਸਰਵੇਲੈਂਸ ਵੀਡੀਓ ਵੀ ਜਾਰੀ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਅਜਿਹੀਆਂ ਹੀ ਘਟਨਾਵਾਂ ਦੀ ਜਾਂਚ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

ਸੋਮਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਅਨੁਸਾਰ ਪੁਲਿਸ ਨੇ ਆਖਿਆ ਕਿ ਕਮਰਸ਼ੀਅਲ ਤੇ ਏਟੀਐਮ ਚੋਰੀ ਸਬੰਧੀ ਤਿੰਨ ਮਹੀਨਿਆਂ ਤੋਂ ਕੀਤੀ ਜਾ ਰਹੀ ਜਾਂਚ ਦਰਮਿਆਨ ਉਨ੍ਹਾਂ ਵੱਲੋਂ 19 ਨਵੰਬਰ ਨੂੰ ਬਰੈਂਪਟਨ ਵਿੱਚ ਦੋ ਸਰਚ ਵਾਰੰਟ ਕਢਵਾਏ ਗਏ। ਉਸ ਸਮੇਂ ਹੀ ਪੁਲਿਸ ਦੇ ਹੱਥ ਕਈ ਤਰ੍ਹਾਂ ਦੇ ਸੰਦ, ਨਕਦੀ ਤੇ ਕੱਪੜੇ ਲੱਗੇ। ਇਸ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਬਰੈਂਪਟਨ ਦੇ 36 ਸਾਲਾ ਕੀਥ ਬਰੁੱਕਜ਼ ਨੂੰ ਚਾਰਜ ਕੀਤਾ ਗਿਆ ਹੈ।

ਉਸ ਨੂੰ ਬ੍ਰੇਕ ਐਂਡ ਐਂਟਰ ਦੇ 36 ਮਾਮਲਿਆਂ, ਮੁਜਰਮਾਨਾਂ ਕਾਰਵਾਈ ਨੂੰ ਅੰਜਾਮ ਦੇਣ ਲਈ ਭੇਸ ਬਦਲਣ ਦੇ 27 ਮਾਮਲਿਆਂ ਲਈ ਚਾਰਜ ਕੀਤਾ ਗਿਆ ਹੈ।ਜਾਂਚ ਦੀ ਸਾਰੀ ਤਫਸੀਲ ਜਾਰੀ ਨਹੀਂ ਕੀਤੀ



ਗਈ ਪਰ ਪੁਲਿਸ ਨੇ ਦੋ ਚੋਰੀਆਂ ਦੀ ਵੀਡੀਓ ਜਾਰੀ ਕੀਤੀ ਹੈ। ਪਹਿਲੀ ਵੀਡੀਓ 27 ਅਕਤੂਬਰ ਦੀ ਹੈ। ਇਸ ਵਿੱਚ ਇੱਕ ਵਿਅਕਤੀ ਏਟੀਐਮ ਨੂੰ ਖੋਲ੍ਹਣ ਲਈ ਪਾਵਰ ਟੂਲ ਦੀ ਵਰਤੋਂ ਕਰ ਰਿਹਾ ਨਜ਼ਰ ਆ ਰਿਹਾ ਹੈ ਤੇ ਦੂਜੇ ਵੱਲੋਂ ਦਰਵਾਜ਼ਾ ਖੋਲ੍ਹ ਕੇ ਰੱਖਿਆ ਗਿਆ ਹੈ।

ਦੂਜੀ ਵੀਡੀਓ 11 ਨਵੰਬਰ ਨੂੰ ਰਿਕਾਰਡ ਕੀਤੀ ਗਈ ਹੈ। ਇਸ ਵਿੱਚ ਮਿਸੀਸਾਗਾ ਦੇ ਇੱਕ ਏਟੀਐਮ ਦੀ ਲੋਕੇਸ਼ਨ ਨਜ਼ਰ ਆ ਰਹੀ ਹੈ। ਇੱਕ ਵਿਅਕਤੀ ਗੱਡੀ ਨਾਲ ਜੁੜੀ ਕੇਬਲ ਨਾਲ ਏਟੀਐਮ ਪੁੱਟ ਕੇ ਹੀ ਲਿਜਾਂਦਾ ਨਜ਼ਰ ਆ ਰਿਹਾ ਹੈ। ਦੂਜੇ ਮਸ਼ਕੂਕ ਦੀ ਪੁਲਿਸ ਵੱਲੋਂ ਅਜੇ ਵੀ ਭਾਲ ਕੀਤੀ ਜਾ ਰਹੀ ਹੈ। ਉਸ ਦੀ ਪਛਾਣ ਬਰੈਂਪਟਨ ਦੇ 36 ਸਾਲਾ ਸ਼ਾਅਨ ਮੂਰ ਵਜੋਂ ਕੀਤੀ ਗਈ ਹੈ।

# ਟੀਡੀਐਸਬੀ ਨੇ 330 ਸਟਾਫ ਮੈਂਬਰਾਂ ਨੂੰ ਭੇਜਿਆ ਛੁੱਟੀ ਉੱਤੇ




ਟੋਰਾਂਟੋ, 22 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਦਾ ਕਹਿਣਾ ਹੈ ਕਿ ਬੋਰਡ ਦੇ ਵੈਕਸੀਨੇਸ਼ਨ ਨਿਯਮਾਂ ਨੂੰ ਨਾ ਮੰਨਣ ਵਾਲੇ 300 ਤੋਂ ਵੱਧ ਸਟਾਫ ਮੈਂਬਰਾਂ ਨੂੰ ਅੱਜ ਤੋਂ ਪ੍ਰਸ਼ਾਸਕੀ ਛੁੱਟੀ ਉੱਤੇ ਭੇਜ ਦਿੱਤਾ ਗਿਆ ਹੈ।

ਮਾਪਿਆਂ ਨੂੰ ਭੇਜੇ ਮੈਮੋ ਵਿੱਚ ਟੀਡੀਐਸਬੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਆਪਣੇ ਵੈਕਸੀਨੇਸ਼ਨ ਸਟੇਟਸ ਬਾਰੇ ਜਾਣਕਾਰੀ ਦੇਣ ਤੋਂ ਅਸਫਲ ਰਹਿਣ ਵਾਲੇ 330 ਸਟਾਫ ਮੈਂਬਰਾਂ ਨੂੰ ਬਿਨਾਂ ਤਨਖਾਹ ਗੈਰ ਅਨੁਸ਼ਾਸਕੀ ਪ੍ਰਸ਼ਾਸਕੀ ਛੁੱਟੀ ਉੱਤੇ ਭੇਜਿਆ ਗਿਆ ਹੈ। ਮੈਮੋ ਵਿੱਚ ਆਖਿਆ ਗਿਆ ਕਿ ਅਸੀਂ ਨਹੀਂ ਚਾਹੁੰਦੇ ਸੀ ਕਿ ਵਿਦਿਆਰਥੀਆਂ ਉੱਤੇ ਇਸ ਦਾ ਨਕਾਰਾਤਮਕ ਅਸਰ ਪਵੇ ਜਾਂ ਉਨ੍ਹਾਂ ਦੀ ਭਲਾਈ ਤੇ ਸੇਫਟੀ ਨੂੰ ਕੋਈ ਖਤਰਾ ਹੋਵੇ।ਇਸ ਪਲੈਨ ਦੇ ਹਿੱਸੇ ਵਜੋਂ ਇਨ੍ਹਾਂ ਸਟਾਫ ਮੈਂਬਰਾਂ ਦੀ ਥਾਂ ਉੱਤੇ ਕੈਯੂਅਲ ਸਟਾਫ ਨੂੰ ਲਾਇਆ ਜਾ ਰਿਹਾ ਹੈ। ਬੋਰਡ ਨੇ ਆਖਿਆ ਕਿ ਉਨ੍ਹਾਂ ਨੇ 290 ਸਟਾਫ ਮੈਂਬਰਾਂ, ਜਿਨ੍ਹਾਂ ਵਿੱਚ ਸਪੈਸ਼ਲ ਨੀਡਜ਼ ਅਸਿਸਟੈਂਟਸ, ਡੈਸੀਗਨੇਟਿਡ ਅਰਲੀ ਚਾਈਲਡਹੁੱਡ ਐਜੂਕੇਟਰਜ਼ ਤੇ ਲੰਚਰੂਮ ਸੁਪਰਵਾਈਜ਼ਰਜ਼, ਨੂੰ ਆਰਜ਼ੀ ਛੋਟ ਵੀ ਦਿੱਤੀ ਹੈ।

# ਐਟਲਾਂਟਾ ਹਵਾਈ ਅੱਡੇ ਉਤੇ ਗੋਲੀ ਚੱਲਣ ਕਾਰਨ ਅਫਰਾ-ਤਫੜੀ

ਐਟਲਾਂਟਾ, 22 ਨਵੰਬਰ (ਪੋਸਟ ਬਿਊਰੋ)- ਏਥੇ ਹਵਾਈ ਅੱਡੇ ਉੱਤੇ ਤਲਾਸ਼ੀ ਦੌਰਾਨ ਇੱਕ ਬੰਦੂਕ ਵਿੱਚੋਂ ਅਚਾਨਕ ਗੋਲੀ ਚੱਲਣ ਕਾਰਨ ਅਫਰਾ-ਤਫੜੀ ਮੱਚ ਗਈ। ਇੱਕ ਯਾਤਰੀ ਸੁਰੱਖਿਆ ਨਾਕੇ ਉੱਤੇਚੈਕਿੰਗ ਦੀ ਉਡੀਕ ਕਰ ਰਿਹਾ ਸੀ ਅਤੇ ਉਸ ਨੇ ਬੈਗ ਵਿੱਚ ਹਥਿਆਰ ਲੁਕੋਇਆ ਹੋਇਆ ਸੀ। ਜਦ ਇਹ ਸਕੈਨਰ ਵਿੱਚ ਆ ਗਿਆ ਤੇ ਚੈਕਰ ਨੇ ਇਸ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਤੇ ਇਹ ਚੱਲ ਗਿਆ। ਇਸ ਤੋਂ ਬਾਅਦ ਹਵਾਈ ਅੱਡੇ ਉੱਤੇ ਭਾਜੜ ਮਚ ਗਈ। ਇਸ ਕਾਰਨ ਕੁਝ ਦੇਰ ਲਈ ਉਡਾਣਾਂ ਰੋਕਣੀਆਂ ਪਈਆਂ। ਇਸ ਦੌਰਾਨ ਵਿਅਕਤੀ ਉਥੋਂ ਫਰਾਰ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਫਰਾਰ ਹੋਏ ਵਿਅਕਤੀ ਦੀ ਸ਼ਨਾਖਤ 42 ਸਾਲਾ ਕੈਨੀ ਵੈਲਜ਼ ਵਜੋਂ ਹੋਈ ਹੈ।ਪੁਲਸ ਨੇ ਕਿਹਾ ਕਿ ਦੋਸ਼ੀ ਉਤੇ ਯਾਤਰੀ ਹਵਾਈ ਅੱਡੇ ਉੱਤੇ ਹਥਿਆਰ ਲੁਕੋ ਕੇ ਲਿਆਉਣ ਸਣੇ ਹੋਰ ਦੋਸ਼ਾਂ ਬਾਰੇ ਧਾਰਾਵਾਂ ਲਾਈਆਂ ਗਈਆਂ ਹਨ। ਉਸ ਦੇ ਖਿਲਾਫ ਵਾਰੰਟ ਕੱਢਿਆ ਗਿਆ ਹੈ। ਹਵਾਈ ਅੱਡੇ ਦੇ ਪ੍ਰਸ਼ਾਸਨ ਦੇ ਮੁਤਾਬਕ ਤਿੰਨ ਜਣਿਆਂ ਨੂੰ ਹਲਕੀਆਂ ਸੱਟਾਂ ਲੱਗੀਆਂ ਹਨ, ਪਰ ਕਿਸੇ ਦੇ ਗੋਲੀ ਲੱਗਣ ਤੋਂ ਬਚਾਅ ਰਿਹਾ।

# ਨਵੀਨਤਮ ਰਿਲੀਜ਼ 'ਵਾਰਨਿੰਗ' ਪੰਜਾਬੀ ਫਿਲਮ ਜਗਤ ਦੇ ਵਿੱਚ ਵਿਭਿੰਨਤਾ ਲਿਆਉਂਦੀ ਹੈ




ਹਜੇ ਤਕ ਸਿਰਫ ਇੱਕ ਹੀ ਦਿਨ ਹੋਇਆ ਹੈ ਤੇ ਫਿਲਮ ਨੇ ਧੂਮਾਂ ਮਚਾਹੀਆਂ ਹੋਈਆਂ ਨੇ ਅਤੇ ਦਰਸ਼ਕ ਆਪਣੀ ਖੁਸ਼ੀ ਨੂੰ ਸ਼ਬਦਾਂ ਵਿੱਚ ਬਿਆਨ ਕਰਨ ਤੋਂ ਅਸਮਰੱਥ ਹੁੰਦੇ ਨਜ਼ਰ ਆ ਰਹੇ ਹਨ, ਅਤੇ ਜਦੋਂ ਦਰਸ਼ਕਾਂ ਕੋਲ ਸ਼ਬਦਾਂ ਦੀ ਕਮੀ ਹੋ ਜਾਵੇ, ਤਾਂ ਇਸਦਾ ਮਤਲਬ ਇਹ ਹੁੰਦਾ ਹੈ ਕਿ ਫਿਲਮ ਪੈਸੇ ਦੀ ਕੀਮਤ ਵਾਲੀ ਸਾਬਤ ਹੋਈ।

ਹੰਬਲ ਮੋਸ਼ਨ ਪਿਕਚਰਜ਼ ਦੀ ਪੇਸ਼ਕਾਰੀ "ਵਾਰਨਿੰਗ" ਪਹਿਲਾਂ ਹੀ ਸਾਰੇ ਰਿਕਾਰਡ ਤੋੜ ਰਹੀ ਹੈ, ਭਾਵੇਂ ਉਹ ਅਦਾਕਾਰੀ ਹੋਵੇ ਜਾਂ ਸੰਗੀਤ। ਫਿਲਮ 'ਚ ਅਭਿਨੇਤਾ ਪ੍ਰਿੰਸ ਕੇ.ਜੇ. ਸਿੰਘ, ਧੀਰਜ ਕੁਮਾਰ, ਸਹਿ-ਅਭਿਨੇਤਾ-ਨਿਰਮਾਤਾ ਗਿੱਪੀ ਗਰੇਵਾਲ ਨੇ ਯਕੀਨਨ ਪੰਜਾਬੀ ਫਿਲਮ ਜਗਤ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ।

ਫਿਲਮ ਹਰ ਲੰਘਦੇ ਸੀਨ ਦੇ ਨਾਲ ਹਰ ਮੋੜ ਤੇ ਸਬਨੂ ਚੌਂਕਾਂ ਰਹੀ ਹੈ। ਇਸ ਦਾ ਇੱਕ ਵੱਖਰਾ ਹੀ ਰੁਤਬਾ ਬਣਨ ਗਿਆ ਹੈ, ਇਸ ਤੋਂ ਇਲਾਵਾ,



ਇਸ ਫਿਲਮ ਵਿੱਚ ਪੱਛਾਣ ਕਰਨੀ ਮੁਸ਼ਕਲ ਹੈ ਕਿ ਅਸਲ ਨਾਇਕ ਕੌਣ ਹੈ ਜਾਂ ਅਸਲ ਖਲਨਾਇਕ ਕੌਣ ਹੈ, ਜੋ ਇੱਕ ਹੋਰ ਕਾਰਣ ਹੈ ਜੋ ਤੁਹਾਨੂੰ ਫਿਲਮ ਦੇਖਣ ਲਈ ਪ੍ਰੇਰਿਤ ਕਰਦਾ ਹੈ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬੀ ਫਿਲਮ ਜਗਤ ਦੀਆਂ ਕਈ ਹੋਰਾਂ ਵਾਂਗ ਇਹ ਫਿਲਮ ਵੀ ਧਮਾਕੇਦਾਰ ਫਿਲਮਾਂ ਦੀ ਸੂਚੀ ਵਿੱਚ ਸ਼ਾਮਲ ਹੋ ਚੁੱਕੀ ਹੈ। ਇਸਦੀ ਨਿਰਦੇਸ਼ਨ ਵਿੱਚ ਅਮਰ ਹੁੰਦਲ ਦੀ ਮਿਹਨਤ ਫਿਲਮ ਦੇ ਹਰ ਹਿੱਸੇ ਵਿੱਚ ਝਲਕਦੀ ਹੈ। ਫਿਲਮ ਦੇ ਸੰਗੀਤ ਅਤੇ ਗੀਤਾਂ ਦੀ ਗੱਲ ਕਰੀਏ ਤਾਂ ਬੈਕਗ੍ਰਾਊਂਡ ਮਿਊਜ਼ਕਿ ਬਿਨਾਂ ਕਿਸੇ ਸ਼ੱਕ ਦੇ ਸੰਵਾਦਾਂ ਨੂੰ ਪੂਰਾ ਕਰਦਾ ਹੈ। ਫਿਲਮ ਵਿੱਚ ਅੰਮ੍ਰਿਤ ਮਾਨ ਅਤੇ ਜੌਰਡਨ ਸੰਧੂ ਦੁਆਰਾ ਗਾਏ ਗਏ ਗੀਤ ਹਨ, ਜੋ ਕਿ ਸਭ ਤੋਂ ਢੁਕਵੀਂ ਆਵਾਜ਼ ਦੇ ਨਾਲ ਫਿਲਮ ਦੀ ਸ਼ੈਲੀ ਦੇ ਅਨੁਕੂਲ ਹਨ।

'ਵਾਰਨਿੰਗ' ਜ਼ਰੂਰ ਦੇਖਣ ਵਾਲੀ ਫ਼ਿਲਮ ਹੈ ਅਤੇ ਜੇਕਰ ਤੁਸੀਂ ਅਜੇ ਵੀ ਫ਼ਿਲਮ ਦੇਖਣ ਬਾਰੇ ਸੋਚ ਰਹੇ ਹੋ ਤਾਂ ਸੋਚਣਾ ਛੱਡ ਕੇ ਇਸਨੂੰ ਜ਼ਰੂਰ ਦੇਖੋ।

# ਨਾਨਕਸਰ ਬਰੈਂਪਟਨ ਵਲੋਂ ਗੁਰਪੁਰਬ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ







ਸੁਰਜੀਤ ਸਿੰਘ ਫਲੋਰਾ

ਬਰੈਂਪਟਨ : ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਦਵਾਰਾ ਨਾਨਕਸਰ ਬਰੈਂਪਟਨ ਵਿਖੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਸਬੰਧੀ 18 ਨਵੰਬਰ ਦੀ ਰਾਤ ਨੂੰ ਅਰਧਰਾਤਰੀ ਕੀਤਰਨ ਦੇ ਦਰਬਾਰ ਸਜਾਏ ਗਏ, ਜਿਥੇ ਵੱਖ ਵੱਖ ਰਾਗੀ ਜਥਿਆਂ ਅਤੇ ਕਥਾਵਾਚਕਾਂ ਵਲੋਂ ਗੁਰੂ ਸਾਹਿਬ ਦੇ ਸਰਬ ਸਾਂਝੀ ਵਾਲਤਾ, ਏਕੇ ਦਾ, ਪਿਆਰ ਮੁਹੱਬਤ ਤੇ ਉਸ ਅਕਾਲ ਪੁਰਖ ਦੇ ਭਾਣੇ ਵਿਚ ਰਹਿ ਕੇ ਨਾਮ ਜਪਣ , ਵੰਡ ਕੇ ਛਕਣ ਦੇ ਉਪਦੇਸ ਨੂੰ ਤਾਜਾਂ ਕੀਤਾ ਜੋ ਰਾਤ ਦੇ ਤਕਰੀਬਨ ਇਕ ਵਜੇ ਤੱਕ ਚੱਲਿਆ।

ਇਸ ਉਪਰੰਤ ਨਵੰਬਰ 19 ਸ਼ਾਮ ਸਾਢੇ ਛੇ ਵਜੇ ਚਾਰ ਸੰਪਟ ਪਾਠ ਤੇ ਨਾਲ ਜਪਜੀ ਸਹਿਬ ਦੇ ਪਾਠਾਂ ਦੇ ਭੋਗ ਪਾਏ ਗਾਏ। ਰਾਗੀ ਸਿੰਘਾਂ ਵਲੋਂ ਗੁਰੂ ਕੀ ਸੰਗਤ ਨੂੰ ਧੁਰ ਕੀ ਬਾਣੀ ਦੇ ਕੀਰਤਨ ਨਾਲ ਵੱਖ ਵੱਖ ਜਥਿਆਂ ਵਲੋਂ ਨਿਹਾਲ ਕੀਤਾ ਗਿਆ।

ਇਸ ਸਮੇਂ ਟਰਾਂਟੋ ਸਥਿਤ ਭਾਰਤੀ ਕੌਂਸਲ ਜਨਰਲ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵ ਵਲੋਂ ਇਕ ਗੁਰੂ ਨਾਨਕ ਸਾਹਿਬ ਤੇ ਲਿਖੀ ਕਿਤਾਬ ਵੀ ਗੁਰੂ ਦੁਆਰਾਂ ਪ੍ਰਬੰਧਕ ਕੁਮੇਟੀ ਨੂੰ ਭੇਂਟ ਕੀਤੀ ਗਈ ਤੇ ਨਾਲ ਹੀ ਗੁਰੂ ਸਾਹਿਬ ਦੇ ਉਪਦੇਸ਼ ਵਾਰੇ ਗੱਲ ਕਰਦੇ ਹੋਏ ਸਭ ਸੰਗਤ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਦਿਹਾੜੇ ਤੇ ਵਧਾਈ ਦਿੱਤੀ।

ਇਸੇ ਤਰ੍ਹਾਂ ਬਰੈਂਪਟਨ ਸਾਊਥ ਤੋਂ ਐਪ ਪੀ ਸੋਨੀਆ ਸਿੱਧੂ , ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਂਨ ਉਨਟੈਰਿਉ ਸਰਕਾਰ ਦੇ ਮਨਿਸਟਰ ਅਤੇ ਬਰੈਂਪਟਨ ਸਾਊਥ ਦੇ ਐਮ ਪੀ ਪੀ ਪ੍ਰਭਮੀਤ ਸਰਕਾਰੀਆਂ ਵਲੋਂ ਜਿਥੇ ਗੁਰਪੁਰਬ ਦੀਆਂ ਵਧਾਇਆਂ ਦਿੱਤੀਆਂ, ਉਥੇ ਗੁਰੂ ਸਾਹਿਬ ਦੇ ਆਗਮਨ ਦਿਵਸ ਤੇ ਮੋਦੀ ਸਰਕਾਰ ਵਲੋਂ ਕਿਸਾਨੀ ਤਿੰਨ ਕਾਨੂੰਨਾਂ ਨੂੰ ਖ਼ਤਮ ਕਰਨ ਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਇਸੇ ਤਰ੍ਹਾਂ ਗੁਰਦਵਾਰਾ ਨਾਨਕਸਰ ਵਲੋਂ ਵੀ ਸਾਰੇ ਆਏ ਵਿਸ਼ੇਸ਼ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਅਤੇ ਲੋਇਆ ਦੇ ਕੇ ਸਨਮਾਨ ਕੀਤਾ ਗਿਆ। ਗੁਰੂ ਕਾ ਅਤੁੱਟ ਲੰਗਰ ਸਾਰਾਂ ਦਿਨ ਚਲਦਾ ਰਿਹਾ। ਆਖਿਰ ਗੁਰੂਘਰ ਵਲੋਂ ਸਭ ਆਇਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਇਸ ਸਥਾਨ ਦੇ ਸਰਪ੍ਰਸਤ ਬਾਬਾ ਗੁਰਦੇਵ ਜੀ ਵਲੋਂ ਕੈਨੇਡਾ ਸੰਗਤਾਂ ਲਈ ਗੁਰਪੁਰਬ ਤੇ ਭੇਜੇ ਵਧਾਈ ਸੰਦੇਸ ਨੂੰ ਸਾਂਝਿਆ ਕੀਤਾ ਗਿਆ।

ਇਸ ਦੌਰਾਨ ਗੁਰਦੁਆਰਾ ਨਾਨਕਸਰ ਗੁਰੂਘਰ ਦੀ ਇਮਾਰਤ ਨੂੰ ਬਹੁਤ ਹੀ ਰੰਗ-ਬਰੰਗੀਆਂ ਲਾਇਟਾਂ ਨਾਲ ਸਜਾਇਆ ਗਿਆ ਅਤੇ ਗੁਰਦੁਆਰੇ ਦੀ ਇਮਾਰਤ ਦੇ ਬਾਹਰ ਸੰਗਤਾਂ ਵਲੋਂ ਦੀਵੇ ਜਗਾ ਕੇ ਗੁਰੂ ਸਹਿਬ ਦੇ ਆਗਮਨ ਤੇ ਖੁਸ਼ੀ ਦਾ ਇਜ਼ਹਾਰ ਕੀਤਾ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShreGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਲੋਕਾਂ ਵੱਲ ਤੁਰ ਪਈ ਡਾਰ ਆਗੂਆਂ ਦੀ,
ਮਿੰਨਤ ਲੋਕਾਂ ਦੀ ਚੱਲੀ ਹੈ ਕਰਨ ਮੀਆਂ।
ਵਰ੍ਹੇ ਪੰਜ ਨਹੀਂ ਲੈਣ ਸਨ ਖਬਰ ਬਹੁੜੇ,
ਨਿਕਲੇ ਲੋਕਾਂ ਦੀ ਹਾਜ਼ਰੀ ਭਰਨ ਮੀਆਂ।
ਕੌੜਾ-ਫਿੱਕਾ ਕੋਈ ਆਖੇ ਤਾਂ ਟਾਲ ਜਾਂਦੇ,
ਘੇਰਾ ਪਾਉਣ ਦੀ ਸੋਚ ਤੋਂ ਡਰਨ ਮੀਆਂ।
ਇੰਜਣ ਗੱਡੀ ਦਾ ਬੰਦ ਨਾ ਕਰਨ ਮੀਆਂ,
ਨਾਅਰੇ ਵੱਜਣ ਤੇ ਹੁੰਦੇ ਨੇ ਹਰਨ ਮੀਆਂ।
ਕੱਢਣਾ ਸ਼ੁਰੂ ਕੀਤਾ ਪੈਸਾ ਗੁਥਲੀਆਂ'ਚੋਂ,
ਯਾਰਾਂ-ਆੜੀਆਂ ਤੋਂ ਕਰਨ ਮੰਗ ਮੀਆਂ।
ਚਿੰਤਾ ਲੱਗੀ ਅਗੇਤੀ ਇਹ ਆਗੂਆਂ ਨੂੰ,
ਸਾਰਨਾ ਕਿੱਦਾਂ ਹੈ ਐਤਕੀਂ ਡੰਗ ਮੀਆਂ।

**ਤੀਸ ਮਾਰ ਖਾਂ**

# ਕੇਜਰੀਵਾਲ ਦਾ ਐਲਾਨ: ਪੰਜਾਬ ਵਿੱਚ ਸਰਕਾਰ ਬਣੀ ਤਾਂ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਦਿੱਤੇ ਜਾਣਗੇ

ਮੋਗਾ, 22 ਨਵੰਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਏਥੇ ਐਲਾਨ ਕੀਤਾ ਕਿ ਪੰਜਾਬ ਵਿੱਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣੇਗੀ ਤਾਂ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ 1000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ। ਉਨ੍ਹਾਂ ਨੇ ਭਾਸ਼ਣ ਦੀ ਸ਼ੁਰੂਆਤ ਪੰਜਾਬ ਦੇ ਲੋਕਾਂ ਨੂੰ ਕਿਸਾਨ ਅੰਦੋਲਨ ਦੀ ਸਫਲਤਾ ਉੱਤੇ ਵਧਾਈ ਦੇ ਕੇ ਕੀਤੀ।ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇਆਗੂ ਭਗਵੰਤ ਮਾਨ ਨੇ ਕਿਹਾ ਕਿ ਅੱਜ ਬਦਲਾਅ ਸ਼ੁਰੂ ਹੋ ਗਿਆ ਹੈ, ਜਿਸ ਸਮਾਜ ਵਿੱਚ ਔਰਤਾਂ ਤੇ ਮਰਦ ਨਾਲ-ਨਾਲ ਕੰਮ ਕਰਦੇ ਹਨ, ਉਹ ਸਮਾਜ ਵਿਕਸਤ ਸਮਾਜ ਹੈ, ਸਮਾਜਿਕ ਸੁਰੱਖਿਆ ਹੈ, ਇਸ ਲਈ ਉਹ ਸਾਡੇ ਤੋਂ ਅੱਗੇ ਹਨ।

ਅੱਜ ਸੋਮਵਾਰ ਦੁਪਹਿਰ ਮੋਗਾ ਪਹੁੰਚੇ ਅਰਵਿੰਦ ਕੇਜਰੀਵਾਲ ਨੇ ਪਹਿਲਾਂ ਪਾਰਟੀ ਆਗੂਆਂ ਨਾਲ ਮੀਟਿੰਗ ਕੀਤੀ ਤੇ ਇਸ ਤੋਂ



ਬਾਅਦ ਤੀਜੀ ਗਾਰੰਟੀ ਵਜੋਂ ਔਰਤਾਂ ਲਈ ਇੱਕ-ਇੱਕ ਹਜ਼ਾਰ ਰੁਪਏ ਮਹੀਨਾ ਵਾਲੀ ਸਕੀਮ ਦਾ ਐਲਾਨ ਕੀਤਾ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਪੰਜਾਬ ਦੀਆਂ ਔਰਤਾਂ ਲਈ ਵੱਡਾ ਐਲਾਨ ਕਰਨ ਵਾਲੇ ਹਨ, ਜਿਹੜਾ ਸਿਰਫ ਇਸ ਰਾਜ ਪੰਜਾਬ ਲਈ ਨਹੀਂ,ਸਾਰੇ ਦੇਸ਼ ਲਈ ਵੀਇੱਕ ਮਿਸਾਲ ਬਣੇਗਾ।

ਇਸ ਦੇ ਬਾਅਦ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ ਵਿੱਚਹੋਏ'ਆਟੋ ਸੰਵਾਦ' ਪ੍ਰੋਗਰਾਮ ਹੇਠ ਪੰਜਾਬ ਦੇ ਆਟੋ ਰਿਕਸ਼ਾ ਅਤੇ ਟੈਕਸੀ ਚਾਲਕਾਂ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਪੱਕੇ ਹੱਲ ਲਈ ਸੁਝਾਅ ਸੁਣ ਕੇ ਕਿਹਾ ਕਿ 2022 ਵਿੱਚ ਪੰਜਾਬ ਵਿੱਚ ਉਨ੍ਹਾਂ ਦੀ

### * ਆਟੋ ਵਾਲੇ ਦੇ ਘਰ ਖਾਧਾ ਖਾਣਾ ਕੇਜਰੀਵਾਲ ਨੇ



ਪਾਰਟੀ ਦੀ ਸਰਕਾਰ ਬਣੀ ਤਾਂਦਿੱਲੀ ਦੇ ਆਟੋ ਚਾਲਕਾਂ ਵਾਂਗ ਪੰਜਾਬ ਦੇ ਆਟੋ ਤੇ ਟੈਕਸੀ ਚਾਲਕਾਂ ਦੀਆਂ ਸਮੱਸਿਆਵਾਂ ਦਾ ਠੋਸ ਹੱਲ ਕਰਨ ਲਈ ਨਿਯਮਾਂ-ਕਾਨੂੰਨਾਂ ਵਿੱਚਸੁਧਾਰ ਤੇ ਬਦਲਾਅ ਕੀਤੇ ਜਾਣਗੇ। ਕੇਜਰੀਵਾਲ ਦਾ 'ਆਟੋ ਸੰਵਾਦ' ਸ਼ੁਰੂ ਹੁੰਦੇ ਸਾਰ ਆਟੋ ਚਾਲਕ ਦਲੀਪ ਕੁਮਾਰ ਤਿਵਾੜੀ ਨੇ ਉਨ੍ਹਾਂ ਨੂੰ ਆਪਣੇ ਘਰ ਰਾਤ ਦੇ ਭੋਜਨ ਦਾ ਸੱਦਾ ਦੇ ਕੇ ਬੇਨਤੀ ਕੀਤੀ ਕਿ ਚੰਗਾ ਲੱਗੇਗਾ ਕਿ ਉਹ ਉਸ ਦੇ ਆਟੋ ਵਿੱਚ ਬੈਠ ਕੇ ਉਸ ਦੇ ਘਰ ਰਾਤ ਦਾ ਖਾਣਾ ਖਾਣ ਲਈ ਜਾਣ।ਸੱਦਾ ਪ੍ਰਵਾਨ ਕਰ ਕੇ ਕੇਜਰੀਵਾਲ ਨੇ ਪੁੱਛਿਆ ਕਿ ਕੀ ਉਹ ਆਪਣੇ ਨਾਲ ਭਗਵੰਤ ਮਾਨ ਅਤੇ ਹਰਪਾਲ ਸਿੰਘ ਚੀਮਾ ਨੂੰ ਲੈ ਜਾਣ? ਪ੍ਰੋਗਰਾਮ ਖ਼ਤਮ ਹੁੰਦੇ ਸਾਰ ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਤੇ ਹਰਪਾਲ ਸਿੰਘ ਚੀਮਾ ਆਟੋ ਵਿੱਚ ਬੈਠ ਕੇ ਦਲੀਪ ਤਿਵਾੜੀ ਦੇ ਘਰ ਗਏ ਅਤੇ ਖਾਣਾ ਖਾਧਾ। ਉਸ ਤੋਂ ਪਹਿਲਾਂ 'ਆਟੋ ਸੰਵਾਦ' ਪ੍ਰੋਗਰਾਮ ਵਿੱਚ ਸੈਂਕੜੇ ਆਟੋ ਰਿਕਸ਼ਾ ਅਤੇ ਟੈਕਸੀ ਚਾਲਕਾਂ ਨੂੰ ਸੰਬੋਧਨ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਸਰਕਾਰ ਵੱਲੋਂ ਆਟੋ ਤੇ ਟੈਕਸੀ ਚਾਲਕਾਂ ਲਈ ਕੀਤੇ ਕੰਮਾਂ ਕਰਕੇ ਦਿੱਲੀ ਦਾ ਹਰ ਆਟੋ ਚਾਲਕ ਮੈਨੂੰਭਰਾ ਮੰਨਦਾ ਹੈ ਤੇ ਅੱਜ ਮੈਂ ਤੁਹਾਡਾ ਭਰਾ ਬਣਨ ਆਇਆ ਹਾਂ। ਮੈਨੂੰ ਭਰਾ ਬਣਾ ਲਓ, ਭਾਈ ਬਣ ਕੇ ਸਭ ਪਰੇਸ਼ਾਨੀਆਂ ਹੱਲਕਰੂੰਗਾ।

ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਆਟੋ ਰਿਕਸ਼ਾ ਅਤੇ ਟੈਕਸੀ ਚਾਲਕਾਂਲਈਇੱਕ ਕਾਰਪੋਰੇਸ਼ਨ ਬਣਾਉਣ ਦਾ ਵਾਅਦਾ ਕੀਤਾ ਤਾਂ ਕਿ ਉਹ ਖ਼ੁਦ ਨੀਤੀਆਂ ਬਣਾ ਸਕਣ। ਕੇਜਰੀਵਾਲ ਨੇ ਦੱਸਿਆ ਕਿ ਦਿੱਲੀ ਵਿੱਚਉਸ ਦੀ ਸਰਕਾਰ ਤੋਂ ਪਹਿਲਾਂ ਆਟੋ ਚਾਲਕਾਂ ਨੂੰ ਸਵੇਰ ਤੋਂ ਰਾਤ ਤੱਕ ਪਤਾ ਨਹੀਂ ਕਿੰਨੀ ਵਾਰ ਰਿਸ਼ਵਤ ਦੇਣੀ ਪੈਂਦੀ ਸੀ ਅਤੇਆਟੋ ਚਾਲਕਾਂ ਨੂੰ ਮਾਫ਼ੀਆ ਕਹਿ ਕੇ ਬਦਨਾਮ ਕੀਤਾ ਜਾਂਦੀ ਸੀ, ਪਰ ਅਸੀਂ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਆਟੋ ਰਿਕਸ਼ਾ ਅਤੇ ਟੈਕਸੀ ਵਾਲਿਆਂ ਦੀ ਖੁੱਲ੍ਹੀ ਹਮਾਇਤ ਕਰ ਕੇ ਕਿਹਾ ਸੀ ਕਿ ਜੇ ਆਟੋ ਤੇ ਟੈਕਸੀ ਵਾਲੇ ਮਾਫ਼ੀਆ ਹੁੰਦੇ ਤਾਂ ਇਹ ਝੁੱਗੀ-ਝੌਂਪੜੀਆਂ ਜਾਂ ਛੋਟੇ-ਮੋਟੇ ਘਰਾਂ ਵਿੱਚ ਰਹਿਣ ਦੀ ਥਾਂ ਕੋਠੀਆਂ ਵਿੱਚ ਰਹਿੰਦੇ।ਕੇਜਰੀਵਾਲ ਨੇ ਕਿਹਾ ਕਿ ਮਾਫ਼ੀਆ ਆਟੋ-ਰਿਕਸ਼ਾ ਜਾਂ ਟੈਕਸੀ ਵਾਲੇ ਨਹੀਂ, ਸਿਆਸੀ ਆਗੂ ਅਸਲੀ ਮਾਫ਼ੀਆ ਹਨ।ਇਸ ਮੌਕੇ ਮੰਚ ਉੱਤੇ ਭਗਵੰਤ ਮਾਨ, ਹਰਪਾਲ ਸਿੰਘ ਚੀਮਾ, ਜਰਨੈਲ ਸਿੰਘ ਅਤੇ ਰਾਘਵ ਚੱਢਾ ਮੌਜੂਦ ਸਨ ਅਤੇ ਸਟੇਜ ਦੀ ਜ਼ਿੰਮੇਵਾਰੀ ਇਸ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਨਿਭਾਈ, ਜਿਸ ਬਾਰੇ ਪਹਿਲਾਂ ਕਈ ਚਰਚੇ ਚੱਲਦੇ ਰਹੇ ਸਨ।

## ਪਾਕਿ ਹਾਈ ਕਮਿਸ਼ਨ ਨੇ ਐਕਸਪਾਇਰਡ ਪਾਸਪੋਰਟ ਉਤੇ ਵੀਜ਼ਾ ਜੜ ਦਿੱਤਾ

*ਸਿੱਖ ਸ਼ਰਧਾਲੂ ਨੂੰ ਅਟਾਰੀ ਬਾਰਡਰ ਤੋਂ ਵਾਪਸ ਭੇਜਿਆ ਗਿਆ

ਬਠਿੰਡਾ, 22 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਹਾਈ ਕਮਿਸ਼ਨ ਨਵੀਂ ਦਿੱਲੀ ਨੇ ਲਾਪਰਵਾਹੀ ਨਾਲ ਬਠਿੰਡਾ ਜ਼ਿਲੇ ਦੇ ਬੂਟਾ ਸਿੰਘ (65) ਦਾ ਅੱਠ ਮਹੀਨੇ ਪਹਿਲਾਂ ਐਕਸਪਾਇਰ ਹੋਏ ਪਾਸਪੋਰਟ ਉੱਤੇ ਪਾਕਿਸਤਾਨ ਦੌਰੇ ਲਈ ਵੀਜ਼ਾ ਲਗਾ ਦਿੱਤਾ, ਪਰ ਅਟਾਰੀ ਬਾਰਡਰ ਉੱਤੇ ਹੋਈ ਜਾਂਚ ਮੌਕੇ ਜਦ ਉਹ ਵਿਅਕਤੀ ਪਾਕਿਸਤਾਨ ਵਿੱਚ ਜਾਣ ਲੱਗਾ ਤਾਂ ਸੁਰੱਖਿਆ ਅਧਿਕਾਰੀਆਂ ਨੇ ਪਾਸ-ਪੋਰਟ ਚੈਕ ਕੀਤਾ ਅਤੇ ਉਸ ਵਕਤ ਐਕਸਪਾਇਰੀ ਡੇਟ ਦਾ ਪਤਾ ਲੱਗਾ। ਇਸ ਦੇ ਬਾਅਦ ਬਠਿੰਡਾ ਜ਼ਿਲੇ ਦੇ ਪਿੰਡ ਬੀਬੀਵਾਲਾ ਦੇ ਬੂਟਾ ਸਿੰਘ ਨੂੰ ਵਾਪਸ ਮੁੜਨਾ ਪਿਆ।

ਬੂਟਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਵੀ ਨਹੀਂ ਪਤਾ ਸੀ ਕਿ ਉਨ੍ਹਾਂ ਦਾ ਪਾਸਪੋਰਟ ਐਕਸਪਾਇਰ ਹੋ ਚੁੱਕਾ ਹੈ, ਪਰ ਪਾਕਿਸਤਾਨ ਹਾਈ ਕਮਿਸ਼ਨ ਦੀ ਲਾਪਰਵਾਹੀ ਨਾਲ ਉਸ ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਕਿਹਾ ਕਿ ਇਸ ਦੀ ਜਾਂਚ ਦੇ ਬਾਅਦ ਸਬੰਧਤ ਅਧਿਕਾਰੀਆਂ ਉੱਤੇ ਕਾਰਵਾਈ ਹੋਣੀ ਚਾਹੀਦੀ ਹੈ ਜਿਨ੍ਹਾਂ ਨੇ ਪਾਸਪੋਰਟ ਪਰਖੇ ਤੋਂ ਬਿਨਾਂ ਵੀਜ਼ਾ ਲਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਉਹ ਪਹਿਲਾਂ ਪਾਕਿ ਨਨਕਾਣਾ ਸਾਹਿਬ ਵਿੱਚ ਗੁਰਪੁਰਬਮੌਕੇ ਜਾ ਚੁੱਕੇ ਹਨ। ਇਸ ਵਾਰ ਵੀ ਗੁਰਪੁਰਬ ਉੱਤੇ ਪਾਕਿਸਤਾਨ ਵਿਚਲੇ ਸਿੱਖ ਧਾਰਮਿਕ ਸਥਾਨਾਂ ਉੱਤੇ ਮੱਥਾ ਟੇਕਣ ਲਈ ਪਾਸਪੋਰਟ ਉੱਤੇ ਪਾਕਿਸਤਾਨੀ ਵੀਜ਼ੇ ਲਈ ਭਾਈ ਮਰਦਾਨਾ ਸੋਸਾਇਟੀ ਫਿਰੋਜ਼ਪੁਰ ਨੂੰ ਪਾਸਪੋਰਟ ਦਿੱਤਾ ਸੀ। ਉਨ੍ਹਾਂ ਨੇ ਮੈਨੂੰ ਇਹ ਕਿਹਾ ਕਿ ਤੁਹਾਡਾ ਇਸ ਵਾਰ ਵੀਜ਼ਾ ਲੱਗ ਜਾਏਗਾ, ਅਗਲੀ ਵਾਰ ਇਸ ਨੂੰ ਰਿਨਿਊ ਕਰਵਾ ਲੈਣਾ। ਬੂਟਾ ਸਿੰਘ ਨੇ ਦੱਸਿਆ ਕਿ ਜਦ ਬੀਤੇ ਦਿਨੀਂ ਉਸ ਦੇ ਪਾਸਪੋਰਟ ਉੱਤੇ ਪਾਕਿਸਤਾਨ ਦਾ ਵੀਜ਼ਾ ਲੱਗ ਗਿਆ ਤਾਂ ਉਸ ਨੇ ਪਾਕਿਸਤਾਨ ਜਾਣ ਲਈ ਕਿਸੇ ਤੋਂ ਵਿਆਜ ਉੱਤੇ ਪੰਜ ਹਜ਼ਾਰ ਰੁਪਏ ਉਧਾਰ ਲਏ ਅਤੇ ਆਪਣੇ ਨਵੇਂ ਕੱਪੜੇ ਬਣਵਾਏ ਸਨ।

# ਲਖਨਊ ਵਿੱਚ ਟਿਕੈਤ ਗਰਜਿਆ: ਖੇਤੀ ਕਾਨੂੰਨ ਵਾਪਿਸ ਲੈਂਦੇ ਸਮੇਂ ਵੀ ਸਰਕਾਰ ਨੇ ਕਿਸਾਨਾਂ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਹੈ

ਲਖਨਊ, 22 ਨਵੰਬਰ, (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਅੱਜ ਏਥੇ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਨੂੰ ਇਹ ਮਨਾਉਣ ਵਿੱਚ ਇਕ ਸਾਲ ਲੱਗ ਗਿਆ ਕਿ ਉਸ ਦੇ ਬਣਾਏ ਖੇਤੀ ਕਾਨੂੰਨ ਨੁਕਸਾਨ ਕਰਨ ਵਾਲੇ ਹਨ ਅਤੇ ਉਨ੍ਹਾਂ ਨੂੰ ਵਾਪਸ ਲੈਂਦੇ ਸਮੇਂ ਵੀ ਸਰਕਾਰ ਨੇ ਕਿਸਾਨਾਂ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਹੈ।

ਅੱਜ ਏਥੇ ਹੋਈ ਕਿਸਾਨ ਮਹਾ-ਪੰਚਾਇਤ ਵਿੱਚ ਬੋਲਦੇ ਹੋਏ ਰਾਕੇਸ਼ ਟਿਕੈਤ ਨੇ ਕਿਹਾ, 'ਉਨ੍ਹਾਂ ਨੂੰ ਸਮਝਾਉਣ ਵਿੱਚ ਇਕ ਸਾਲ ਲੱਗ ਗਿਆ, ਅਸੀਂ ਆਪਣੀ ਭਾਸ਼ਾ ਵਿੱਚਗੱਲ ਕਹੀ, ਪਰ ਦਿੱਲੀ ਦੀਆਂ ਚਮਕਦੀਆਂ ਕੋਠੀਆਂਵਿੱਚ ਬੈਠਣ ਵਾਲਿਆਂ ਦੀ ਭਾਸ਼ਾ ਦੂਸਰੀ ਸੀ। ਜਿਹੜੇ ਸਾਡੇ ਨਾਲ ਗੱਲ ਕਰਨ ਆਏ, ਉਨ੍ਹਾਂ ਨੂੰ ਇਹ ਸਮਝਣ ਵਿੱਚਬਾਰਾਂ ਮਹੀਨੇ ਲੱਗ ਗਏ ਕਿ ਇਹ ਕਾਨੂੰਨ ਕਿਸਾਨਾਂ, ਗਰੀਬਾਂ ਤੇ ਦੁਕਾਨਦਾਰਾਂ ਦਾ ਨੁਕਸਾਨ ਕਰਨ ਵਾਲੇ ਹਨ।' ਉਨ੍ਹਾਂ ਕਿਹਾ, 'ਉਹ ਇਕ ਸਾਲ ਵਿੱਚ ਸਮਝ ਸਕੇ ਕਿ ਇਹ ਕਾਨੂੰਨ ਨੁਕਸਾਨ ਕਰਨ ਵਾਲੇ ਹਨ ਅਤੇ ਫਿਰ ਉਨ੍ਹਾਂ ਕਾਨੂੰਨ ਵਾਪਸ ਲੈ ਲਏ। ਉਨ੍ਹਾਂ ਨੇ ਕਾਨੂੰਨ ਵਾਪਸ ਲੈ ਕੇ ਠੀਕ ਕੀਤਾ, ਪਰ ਕਿਸਾਨਾਂ ਨੂੰ ਇਹ ਕਹਿ ਕੇ ਵੰਡਣ ਦੀ



ਕੋਸ਼ਿਸ਼ ਕੀਤੀ ਕਿ ਉਹ ਕੁਝਕੁ ਲੋਕਾਂ ਨੂੰ ਕਾਨੂੰਨਾਂ ਸਮਝਾਉਣ ਵਿੱਚ ਅਸਫ਼ਲ ਰਹੇ।ਕੀ ਅਸੀਂ ਕੁਝ ਲੋਕ ਹਾਂ?' ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੁਆਫ਼ੀ ਬਾਰੇ ਕਿਹਾ ਕਿ ਕਿਸਾਨ ਨੂੰ ਉਪਜ ਦੀ ਸਹੀ ਕੀਮਤ ਮੰਗ ਕੇ ਨਹੀਂ, ਨੀਤੀ ਬਣਾਉਣ ਨਾਲ ਮਿਲੇਗੀ। ਟਿਕੈਤ ਨੇ ਇਸ ਦਾਅਵੇ ਦਾ ਵੀ ਖੰਡਨ ਕੀਤਾ ਹੈ ਕਿ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ 'ਐੱਮ ਐੱਸ ਪੀ' ਲਈ ਕਮੇਟੀ ਬਣੀ ਹੈ। ਉਨ੍ਹਾਂ ਕਿਹਾ ਕਿ "ਸਾਲ 2011 ਵਿੱਚ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ, ਉਦੋਂ ਉਹਮੁੱਖ ਮੰਤਰੀਆਂ ਦੀ ਵਿੱਤੀ ਕਮੇਟੀ ਦੇ ਮੁਖੀ ਸਨ, ਜਿਸ ਤੋਂ ਭਾਰਤ ਸਰਕਾਰ ਨੇ ਐੱਮ ਐੱਸ ਪੀਬਾਰੇ ਪੁੱਛਿਆ ਸੀ ਤੇ ਕਮੇਟੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸੁਝਾਅ ਦਿੱਤਾ ਸੀ ਕਿ ਐੱਮ ਐੱਸ ਪੀ ਦੀ ਗਾਰੰਟੀ ਦੇ ਕਾਨੂੰਨ ਦੀ ਲੋੜ ਹੈ। ਇਸ ਦੀ ਰਿਪੋਰਟ ਪ੍ਰਧਾਨ ਮੰਤਰੀ ਦਫ਼ਤਰਵਿੱਚ ਪਈ ਹੈ, ਨਵੀਂ ਕਮੇਟੀ ਦੀ ਲੋੜ ਨਹੀਂ ਅਤੇ ਨਾ ਹੀ ਦੇਸ਼ ਕੋਲ ਇੰਨਾ ਸਮਾਂ ਹੈ।" ਟਿਕੈਤ ਨੇ ਕਿਹਾ, 'ਪ੍ਰਧਾਨ ਮੰਤਰੀ ਦੇਸ਼ ਨੂੰ ਦੱਸਣਾ ਹੋਵੇਗਾ ਕਿ ਉਹ ਉਸ ਕਮੇਟੀ ਦੀ ਰਾਏ ਮੰਨਣਗੇ ਕਿ ਨਹੀਂ, ਜਿਸ ਦੇ ਉਹ ਮੁਖੀ ਸਨ।' ਸਰਕਾਰ ਦੇ ਤਾਜ਼ਾ ਐਲਾਨ ਉੱਤੇ ਉਨ੍ਹਾਂ ਕਿਹਾ ਕਿ ਸੰਘਰਸ਼ ਵਿਰਾਮ ਦਾ ਐਲਾਨ ਅਸੀਂ ਨਹੀਂ, ਸਰਕਾਰ ਨੇ ਕੀਤਾ ਹੈ ਤੇ ਕਿਸਾਨਾਂ ਦੇ ਸਾਹਮਣੇ ਕਈ ਮੁੱਦੇ ਹਨ। ਉਨ੍ਹਾਂ ਨੇ ਸਰਕਾਰ ਨੂੰ ਕਿਹਾ ਕਿ ਸਰਕਾਰ ਕਿਸਾਨਾਂ ਨਾਲ ਉਨ੍ਹਾਂ ਮੁੱਦਿਆਂ ਉੱਤੇਗੱਲਕਰੇ, ਅਸੀਂ ਦੂਰ ਨਹੀਂ ਜਾ ਰਹੇ, ਪੂਰੇ ਦੇਸ਼ ਵਿੱਚ ਬੈਠਕਾਂ ਹੋਣਗੀਆਂ ਅਤੇ ਅਸੀਂ ਲੋਕਾਂ ਨੂੰ ਤੁਹਾਡੇ ਕੰਮ ਬਾਰੇ ਦੱਸਾਂਗੇ।'

## ਧੀ ਨੂੰ ਛੇੜਨ ਤੋਂ ਰੋਕਣ ਕਾਰਨ ਬਲੈਰੋ ਦੇ ਸਵਾਰਾਂ ਨੇ ਮਾਂ ਨੂੰ ਗੱਡੀ ਹੇਠ ਕੁਚਲਿਆ

ਸ੍ਰੀ ਮੁਕਤਸਰ ਸਾਹਿਬ, 22 ਨਵੰਬਰ (ਪੋਸਟ ਬਿਊਰੋ)- ਬਲੈਰੋ ਸਵਾਰ ਨੌਜਵਾਨਾਂ ਵੱਲੋਂ ਲੜਕੀ ਨਾਲ ਛੇੜਖਾਨੀ ਕਰਨ ਉੱਤੇ ਜਦੋਂ ਲੜਕੀ ਦੀ ਮਾਂ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਲੜਕੀ ਦੀ ਮਾਂ ਨੂੰ ਗੱਡੀ ਹੇਠ ਕੁਚਲ ਦਿੱਤਾ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮ੍ਰਿਤਕਾ ਦੀ ਧੀ ਨੇ ਦੱਸਿਆ ਕਿ ਉਸ ਦੇ ਮਾਂ-ਬਾਪ ਦਾਣਾ ਮੰਡੀ ਸ੍ਰੀ ਮੁਕਤਸਰ ਸਾਹਿਬ ਵਿਖੇ ਮਿਹਨਤ ਮਜ਼ਦੂਰੀ ਕਰਦੇ ਸਨ। ਕੱਲ੍ਹ ਮੈਂ ਅਤੇ ਮੇਰੀ ਮਾਤਾ ਬੰਤੀ ਦੇਵੀ ਅਤੇ ਮਾਸੀ ਰਤਨੀ ਤੇ ਮੇਰੀ ਚਾਚੀ ਕਮਲਾ ਆਪਣੇ ਕੰਮ ਲਈ ਦਾਣਾ ਮੰਡੀ ਜਾ ਰਹੀਆਂ ਸਾਂ। ਜਦੋਂ ਅਸੀਂ ਦਾਣਾ ਮੰਡੀ ਦੇ ਗੇਟ ਸ਼ਿਵ ਸ਼ੰਕਰ ਕੰਡਾ ਪੁੱਜੀਆਂ ਤਾਂ ਇੱਕ ਗੱਡੀ ਬਲੈਰੋ ਵਿੱਚ ਸਵਾਰ ਦੋ ਨੌਜਵਾਨ ਮੇਰੇ ਨਾਲ ਛੇੜਖਾਨੀ ਕਰਨ ਲੱਗੇ। ਮੇਰੀ ਮਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਗੱਡੀ ਸਵਾਰਾਂ ਨੇ ਬਾਰੀ ਖੋਲ੍ਹ ਕੇ ਮੇਰੀ ਮਾਂ ਦਾ ਹੱਥ ਫੜ ਲਿਆ ਅਤੇ ਗੱਡੀ ਨਾਲ ਘੜੀਸ ਕੇ ਲੈ ਗਏ, ਜਿਸ ਦੌਰਾਨ ਮੇਰੀ ਮਾਤਾ ਬੰਤੀ ਦੇਵੀ ਦੀ ਗੱਡੀ ਦੇ ਟਾਇਰ ਹੇਠ ਆ ਕੇ ਮੌਤ ਹੋ ਗਈ। ਇਹ ਘਟਨਾ ਸਵੇਰੇ ਕਰੀਬ ਪੌਣੇ ਅੱਠ ਵਜੇ ਵਾਪਰੀ ਤੇ ਉਹ ਲੜਕੇ ਆਪਣੀ ਗੱਡੀ ਭਜਾ ਕੇ ਲੈ ਗਏ। ਪਤਾ ਲੱਗਣ ਉੱਤੇ ਮੇਰੇ ਪਿਤਾ ਵਰਿੰਦਰ ਕੁਮਾਰ ਹੋਰ ਕਈ ਵਿਅਕਤੀਆਂ ਨਾਲ ਆਏ ਤੇ ਮੇਰੀ ਮਾਤਾ ਨੂੰ ਸਿਵਲ ਹਸਪਤਾਲ ਲੈ ਗਏ, ਜਿੱਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਸਿਟੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸੜਕ ਹਾਦਸੇ ਵਿੱਚ ਬਜ਼ੁਰਗ ਪਤੀ-ਪਤਨੀ ਦੀ ਮੌਤ

ਧਨੌਲਾ, 22 ਨਵੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਕਾਲੇਕੇ ਦੇ ਪਤੀ-ਪਤਨੀ ਦੀ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ। ਸਰਪੰਚ ਸੁਖਦੇਵ ਸਿੰਘ ਨੇ ਦੱਸਿਆ ਕਿ ਜੰਗੀਰ ਸਿੰਘ (65) ਪੁੱਤਰ ਲਾਲ ਸਿੰਘ ਵਾਸੀ ਕਾਲੇਕੇ ਆਪਣੀ ਪਤਨੀ ਹਰਬੰਸ ਕੌਰ (60) ਨੂੰ ਦਵਾਈ ਦਿਵਾਉਣ ਲਈ ਬਰਨਾਲਾ ਜਾ ਰਿਹਾ ਸੀ। ਮੋਟਰ ਸਾਈਕਲ ਉਸ ਦਾ ਭਰਾ ਸੁਖਦੇਵ ਸਿੰਘ ਚਲਾ ਰਿਹਾ ਸੀ।ਸੁਖਦੇਵ ਸਿੰਘ ਨੇ ਦੱਸਿਆ ਕਿ ਰਸਤੇ ਵਿੱਚ ਪਿੰਡ ਫਤਿਹਗੜ੍ਹ ਛੰਨਾ ਨੇੜੇ ਚੁਰਸਤੇ ਕੋਲ ਪਹੁੰਚੇ ਤਾਂ ਛੰਨਾ ਸਾਈਡ ਵੱਲੋਂ ਵਿਰਸਾ ਸਿੰਘ ਪਿੰਡ ਧਰਮਪੁਰਾ ਥਾਣਾ ਬਰੇਟਾ ਆਪਣੇ ਸਾਥੀ ਨਾਲ ਆ ਰਿਹਾ ਸੀ ਤਾਂ ਉਨ੍ਹਾਂ ਦੀ ਉਨ੍ਹਾਂ ਨਾਲ ਟੱਕਰ ਹੋ ਗਈ, ਇਸ ਕਾਰਨ ਜੰਗੀਰ ਸਿੰਘ ਤੇ ਹਰਬੰਸ ਕੌਰ ਗੰਭੀਰ ਜ਼ਖਮੀ ਹੋ ਗਏ। ਜੰਗੀਰ ਸਿੰਘ ਨੂੰ ਜ਼ਖਮੀ ਹਾਲਤ ਵਿੱਚ ਸਰਕਾਰੀ ਹਸਪਤਾਲ ਬਰਨਾਲਾ ਦਾਖਲ ਕਰਵਾਇਆ, ਜਿੱਥੇ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਉਹ ਦਮ ਤੋੜ ਗਏ ਤੇ ਹਰਬੰਸ ਕੌਰ ਦੀ ਹਾਲਤ ਗੰਭੀਰ ਦੇਖ ਕੇ ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ। ਓਥੇ ਹਰਬੰਸ ਕੌਰ ਦੀ ਵੀ ਮੌਤ ਹੋ ਗਈ।

## ਪਰਨੀਤ ਕੌਰ ਦਾ ਸਪੱਸ਼ਟੀਕਰਨ: ਮੈਂ ਆਪਣੇ ਪਰਵਾਰ ਨਾਲ ਖੜ੍ਹੀ ਹਾਂ

ਸਮਾਣਾ, 22 ਨਵੰਬਰ (ਪੋਸਟ ਬਿਊਰੋ)- ਪਟਿਆਲਾ ਹਲਕੇ ਤੋਂ ਲੋਕ ਸਭਾ ਮੈਂਬਰ ਪਰਨੀਤ ਕੌਰ ਨੇ ਕਾਂਗਰਸ ਪਾਰਟੀ ਦੇਨਾਲ ਰਹਿਣ ਜਾਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ ਨਵੀਂ ਪਾਰਟੀ ਵਿੱਚ ਜਾਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ ਹੈ ਕਿ ਉਹ ਸਭ ਤੋਂ ਪਹਿਲਾਂ ਆਪਣੇ ਪਰਵਾਰ ਨਾਲ ਖੜ੍ਹੇ ਹਨ। ਉਹ ਕੱਲ੍ਹ ਸਮਾਣਾ ਦੇ ਲਾਈਨਜ਼ ਕਲੱਬ ਗੋਲਡ ਵੱਲੋਂ ਲਾਏ ਗਏ ਅੱਖਾਂ ਦੇ ਮੁਫ਼ਤ ਕੈਂਪ ਦਾ ਉਦਘਾਟਨ ਕਰਨ ਪੁੱਜੇ ਸਨ।



ਇਸ ਮੌਕੇ ਪਾਰਲੀਮੈਂਟ ਮੈਂਬਰ ਪਰਨੀਤ ਕੌਰ ਨੇ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਦੌਰਾਨ ਉਨ੍ਹਾਂ ਵੱਲੋਂ ਪੰਜਾਬ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਦਾ ਜ਼ਿਕਰ ਕੀਤਾ ਅਤੇ ਕਿਸਾਨੀ ਸੰਘਰਸ਼ ਦੌਰਾਨ ਵਿਧਾਨ ਸਭਾ ਵਿੱਚ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਤੋਂ ਲੈ ਕੇ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਵਾਰਕ ਮੈਂਬਰਾਂ ਨੂੰ ਪੰਜ-ਪੰਜ ਲੱਖ ਰੁਪਏ ਤੇ ਸਰਕਾਰੀ ਨੌਕਰੀ ਦੇਣ ਦਾ ਸਿਹਰਾ ਵੀ ਕੈਪਟਨ ਦੇ ਸਿਰ ਬੰਨ੍ਹਿਆ। ਉਨ੍ਹਾਂ ਕਿਹਾ ਕਿ ਸਮਾਣਾ ਲਈ 27 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ, ਜਿਹੜੇ ਪਿਛਲੇ ਦਿਨੀਂ ਸ਼ੁਰੂ ਹੋਏ ਹਨ, ਉਹ ਵੀ ਕੈਪਟਨ ਦੇ ਮੁੱਖ ਮੰਤਰੀ ਰਹਿੰਦਿਆਂ ਹੀ ਉਨ੍ਹਾਂ ਨੇ ਪਾਸ ਕਰਵਾਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਤਿੰਨੇ ਖੇਤੀਬਾੜੀ ਕਾਨੂੰਨ ਵਾਪਸ ਕਰਵਾਉਣ ਵਿੱਚ ਵੀ ਕੈਪਟਨ ਅਮਰਿੰਦਰ ਸਿੰਘ ਦਾ ਯੋਗਦਾਨ ਸੀ, ਜਿਸ ਲਈ ਉਹ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਦਾ ਧੰਨਵਾਦ ਕਰਦੇ ਹਨ।

# ਪ੍ਰਾਈਵੇਟ ਬੱਸਾਂ ਜ਼ਬਤ ਕਰਨ ਵਿਰੁੱਧ ਰਾਜਾ ਵੜਿੰਗ ਨੂੰ ਹਾਈਕੋਰਟ ਦਾ ਨੋਟਿਸ

ਚੰਡੀਗੜ੍ਹ, 22 ਨਵੰਬਰ, (ਪੋਸਟ ਬਿਊਰੋ)- ਟੈਕਸ ਨਾ ਭਰਨ ਕਾਰਨ ਪੰਜਾਬ ਸਰਕਾਰ ਵੱਲੋਂ ਨਿਊ ਦੀਪ ਪ੍ਰਾਈਵੇਟ ਬੱਸ ਸਰਵਿਸ ਦੇ ਪਰਮਿਟ ਰੱਦ ਕਰਨ ਵਿਰੁੱਧ ਦਾਇਰ ਅਰਜ਼ੀ ਉੱਤੇ ਪੰਜਾਬ ਹਰਿਆਣਾ ਹਾਈਕੋਰਟ ਨੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।

ਇਸ ਪ੍ਰਾਈਵੇਟ ਬੱਸਕੰਪਨੀ ਨੇ ਆਪਣੀ ਅਰਜ਼ੀਵਿੱਚ ਕਿਹਾ ਹੈਕਿ ਫਰਵਰੀ 2018 ਵਿੱਚਉਨ੍ਹਾਂ ਨੂੰ ਪਰਮਿਟ ਮਿਲੇ ਸਨ ਅਤੇ ਉਹ ਇਸ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਦੇ ਸੀ। ਪਿਛਲੇ ਸਾਲ ਕੋਰੋਨਾ ਵਾਇਰਸ ਕਾਰਨ 23 ਮਾਰਚ ਤੋਂ ਦੇਸ਼ ਵਿੱਚ ਲੌਕਡਾਊਨ ਲੱਗਣਨਾਲ ਉਨ੍ਹਾਂ ਦੀਆਂ ਬੱਸਾਂ ਰੁਕ ਗਈਆਂ। ਪ੍ਰਾਈਵੇਟ ਬੱਸ ਸੇਵਾ ਵਾਲਿਆਂ ਦੀ ਇਸ ਸਮੱਸਿਆ ਕਾਰਨ ਰਾਜ ਸਰਕਾਰ ਨੇ ਉਨ੍ਹਾਂ ਨੂੰ ਰਾਹਤ ਦਿੱਤੀ ਸੀ। ਜਦੋਂ ਮਹਾਮਾਰੀ ਘਟੀ ਤਾਂ ਪ੍ਰਾਈਵੇਟ ਬੱਸਾਂ ਕੁਝ ਪਾਬੰਦੀਆਂ ਨਾਲ ਚੱਲਣ ਲੱਗੀਆਂ ਅਤੇ ਉਹ ਵੀ 50 ਫੀਸਦੀ ਸਮਰੱਥਾ ਨਾਲ ਚੱਲਦੀਆਂ ਸਨ। ਫਿਰ ਕੋਰੋਨਾ ਦੀ ਦੂਸਰੀ ਲਹਿਰ ਕਾਰਨਬੱਸਾਂ ਰੁਕ ਗਈਆਂ।ਦੂਸਰੇ ਲੌਕਡਾਊਨ ਵਿੱਚ ਸਰਕਾਰ ਨੇ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਦਿੱਤੀ। ਦੀਪ ਬੱਸ ਸਰਵਿਸ ਵਾਲਿਆਂ ਨੇ ਅਰਜ਼ੀ ਵਿੱਚ ਕਿਹਾ ਕਿ ਟੈਕਸ ਦਾ




ਭੁਗਤਾਨ ਨਾ ਕਰਨ ਕਾਰਨ 12 ਅਕਤੂਬਰ ਨੂੰ ਉਸ ਦੀਆਂ 26 ਬੱਸਾਂ ਜ਼ਬਤ ਕੀਤੀਆਂ ਗਈਆਂ, ਜਿਸ ਪਿੱਛੋਂ ਉਨ੍ਹਾਂ ਨੇ ਅਰਜ਼ੀ ਦੇ ਕੇ ਬੇਨਤੀ ਕੀਤੀ ਕਿ ਉਹ ਟੈਕਸ ਦੇ ਬਕਾਏ 4 ਕਿਸ਼ਤਾਂ ਵਿੱਚਦੇਣਨੂੰ ਤਿਆਰ ਹਨ।ਇਹ ਮੰਗ ਮੰਨੀ ਗਈ ਤੇ ਉਨ੍ਹਾਂ ਉਸੇ ਦਿਨ ਪਹਿਲੀ ਕਿਸ਼ਤ ਦੇਦਿੱਤੀ। ਇਸ ਪਿੱਛੋਂ ਫੈਸਲਾ ਹੋਇਆ ਕਿ ਉਹ ਹਰ ਅਗਲੇ ਮਹੀਨੇ ਦੀ ਪਹਿਲੀ ਤਾਰੀਖ ਨੂੰ ਆਪਣੀ ਕਿਸ਼ਤ ਦੇਵੇਗਾ, ਜਿਸ ਪਿੱਛੋਂ ਉਸ ਦੀਆਂ 6 ਬੱਸਾਂ ਛੱਡ ਦਿੱਤੀਆਂ ਗਈਆਂ, ਪਰ ਅਗਲੇ ਦਿਨ ਉਸ ਦੀਆਂ 13 ਬੱਸਾਂ ਨੂੰ ਫਿਰ ਜ਼ਬਤ ਕਰ ਲਿਆ। ਉਸ ਨੇ ਸਬੰਧਤ ਅਥਾਰਟੀ ਨਾਲ ਗੱਲ ਕੀਤੀ, ਪਰ ਕੋਈ ਹੱਲ ਨਹੀਂ ਨਿਕਲਿਆ ਤੇ ਫਿਰ ਉਸ ਦਾ ਪਰਮਿਟ ਰੱਦ ਕਰ ਦਿੱਤਾ ਗਿਆ।ਉਸ ਨੇ ਆਪਣਾ ਪਰਮਿਟ ਰੱਦ ਕਰਨ ਦੇ ਹੁਕਮਰੱਦ ਕਰਨ ਦੀ ਮੰਗ ਕੀਤੀ ਹੈ। ਹਾਈਕੋਰਟ ਨੇ ਪੰਜਾਬ ਸਰਕਾਰ ਅਤੇਹੋਰ ਵਿਰੋਧੀ ਧਿਰਾਂ ਨੂੰ, ਜਿਨ੍ਹਾਂ ਵਿੱਚ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਸ਼ਾਮਲ ਹੈ, ਨੋਟਿਸ ਜਾਰੀ ਕਰ ਦਿੱਤਾ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਮੁੱਖ ਮੰਤਰੀ ਚੰਨੀ ਵੱਲੋਂ ਕੇਬਲ ਮਾਫੀਏ ਉਤੇ ਹੱਲਾ, ਕੇਬਲ ਕੁਨੈਕਸ਼ਨ ਲਈ 100 ਰੁਪਏ ਮਹੀਨਾ ਤੈਅ

## * ਸਿੱਧੂ ਵੱਲੋਂ ਖਾਲੀ ਖਜ਼ਾਨੇ ਕਾਰਨ ਲਾਲੀਪਾਪ ਵੰਡਣ ਦਾ ਵਿਰੋਧ



ਲੁਧਿਆਣਾ, 22 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਕੇਬਲ ਟੀ ਵੀਦੇ ਮਾਫੀਏ ਦੇ ਖਿਲਾਫ਼ ਜੰਗ ਦਾ ਐਲਾਨ ਕਰਦੇ ਹੋਏ ਇਸ ਦੀ ਕੁਨੈਕਸ਼ਨ ਦਰ 100 ਰੁਪਏ ਮਹੀਨਾ ਕਰਨ ਦਾ ਐਲਾਨ ਕੀਤਾ ਤਾਂ ਕਿ ਰਾਜ ਵਿਚ ਕੇਬਲ ਦੀ ਇਜਾਰੇਦਾਰੀ ਖਤਮ ਕੀਤੀ ਜਾ ਸਕੇ। ਅੱਜ ਏਥੇ ਆਤਮ ਨਗਰ ਹਲਕੇ ਵਿਚ ਵੱਡੇ ਜਨਤਕ ਇਕੱਠ ਵਿੱਚ ਬੋਲਦੇ ਹੋਏ ਮੁੱਖ ਮੰਤਰੀ ਚੰਨੀ ਨੇ ਸਾਫ ਕਿਹਾ ਕਿ ਕੇਬਲ ਮਾਫੀਏ ਵੱਲੋਂ ਵਾਧੂ ਦਰਾਂ ਵਸੂਲ ਕਰ ਕੇ ਲੋਕਾਂ ਦਾ ਬੇਲੋੜਾ ਸ਼ੋਸ਼ਣ ਕੀਤਾ ਜਾਂਦਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਕਾਂਗਰਸੀ ਨੇਤਾ ਕਮਲਜੀਤ ਸਿੰਘ ਕੜਵਲ ਵੱਲੋਂ ਕਰਵਾਈ ਰੈਲੀ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਟਰਾਂਸਪੋਰਟ ਤੇ ਕੇਬਲ ਦੇ ਇਸ ਸਾਰੇ ਕਾਰੋਬਾਰ ਉਤੇ ਬਾਦਲ ਪਰਿਵਾਰ ਦੀ ਮਾਲਕੀ ਹੈ, ਪਰ ਅੱਜ ਤੋਂ ਬਾਅਦ ਲੋਕਾਂ ਨੂੰ ਹਰ ਮਹੀਨੇ 100 ਰੁਪਏ ਤੋਂ ਵੱਧ ਦੇਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਨਵੇਂ ਰੇਟਨਾ ਮੰਨਣ ਵਾਲਿਆਂ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।ਮੁੱਖ ਮੰਤਰੀ ਨੇ ਕਿਹਾ, 'ਜੇ ਤਹਾਨੂੰ ਕੋਈ ਤੰਗ ਕਰਦਾ ਹੈ ਤਾਂ ਮੈਨੂੰ ਦੱਸੋ।'

ਇਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਐਲਾਨ ਕੀਤਾ ਕਿ ਸਾਰੇ ਗੈਰ-ਕਾਨੂੰਨੀ ਬੱਸ ਪਰਮਿਟ ਰੱਦ ਕਰ ਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਨਵੇਂ ਪਰਮਿਟ ਦਿੱਤੇ ਜਾਣਗੇ।ਉਨ੍ਹਾ ਐਲਾਨ ਕੀਤਾ ਕਿ ਅਗਲੇ 10 ਦਿਨਾਂ ਵਿਚ ਮਿਊਂਸਪਲ ਕੌਂਸਲਾਂ ਅਤੇ ਕਾਰਪੋਰੇਸ਼ਨਾਂ ਵਿੱਚ ਸਾਰੇ ਸਫਾਈ ਸੇਵਕ ਪੱਕੇ ਕੀਤੇ ਜਾਣਗੇ ਤੇ ਇਸ ਲਈ 10 ਸਾਲ ਦੀ ਸੇਵਾ ਦੀ ਸ਼ਰਤ ਨਹੀਂ ਹੋਵੇਗੀਤੇ ਇਸ ਦੀ ਭਰਤੀ ਲਈ ਠੇਕਾ ਸਿਸਟਮ ਵੀ ਖਤਮ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਗਰੀਬਾਂ ਲਈ ਇਤਿਹਾਸਕ ਫੈਸਲੇ ਲਏ ਹਨ, ਜਿਨ੍ਹਾਂ ਵਿਚ ਬਿਜਲੀ ਦਰਾਂ ਵਿਚ 3 ਰੁਪਏ ਯੂਨਿਟ ਕਟੌਤੀ, 1500 ਕਰੋੜ ਰੁਪਏ ਦੇ ਬਿਜਲੀ ਦੇ ਬਕਾਏ ਮੁਆਫ਼ ਕਰਨਾ, ਪਾਣੀ ਦਾ ਬਿੱਲ 50 ਰੁਪਏ ਮਹੀਨਾ ਕਰਨਾ, ਰੇਤ ਦੇ ਰੇਟ ਘਟਾ ਕੇ 5.50 ਰੁਪਏ ਕਰਨ ਤੋਂ ਬਿਨਾ ਪੇਂਡੂ ਜਲ ਸਪਲਾਈ ਸਕੀਮਾਂ ਲਈ ਮੁਫ਼ਤ ਬਿਜਲੀ ਵੀਸ਼ਾਮਲ ਹੈ। ਔਰਤਾਂ ਦੇਸ਼ਕਤੀਕਰਨ ਬਾਰੇਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਅਗਲੇ ਦਿਨਾਂ ਵਿਚ ਉਨ੍ਹਾਂ ਨੂੰ ਸਰਕਾਰ ਤੇ ਪਾਰਟੀ ਵਿੱਚ ਬਰਾਬਰ ਨੁਮਾਇੰਦਗੀ ਦਿੱਤੀ ਜਾਵੇਗੀ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਬਾਰੇਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਹ ਪੰਜਾਬੀਆਂ ਨੂੰ ਗੁੰਮਰਾਹ ਕਰਨਾ ਚਾਹੁੰਦੇ ਹਨ, ਪਰ ਪੰਜਾਬੀ ਬਹੁਤ ਸੂਝਵਾਨ ਹਨ ਤੇ ਉਹ ਝੂਠੇ ਵਾਅਦਿਆਂ ਨਾਲ ਮੂਰਖ ਨਹੀਂ ਬਣਨਗੇ। ਇਸ ਮੌਕੇ ਜਗਰਾਉਂ ਤੋਂ ਅਕਾਲੀ ਦਲ ਵੱਲੋਂ 2017 ਦੀ ਵਿਧਾਨ ਸਭਾ ਚੋਣ ਲੜਨ ਵਾਲੀ ਅਕਾਲੀ ਆਗੂ ਸਰਬਜੀਤ ਕੌਰ ਸਾਹੋਕੇ, ਅਕਾਲੀ ਦਲ ਦੇ ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਆਪਣੇ ਸਮਰਥਕਾਂ ਸਮੇਤ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ।

ਅੱਜ ਦੇ ਇਸ ਇਕੱਠ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਥੋੜ੍ਹੇ ਸਮੇਂ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂਗਰੀਬ-ਪੱਖੀ ਮਹੱਤਵਪੂਰਨ ਫੈਸਲੇ ਲੈਣ ਅਤੇ ਆਰਥਿਕ ਪੱਖੋਂ ਕਮਜ਼ੋਰ ਵਰਗ ਲਈ 24 ਘੰਟੇ ਕੰਮ ਕਰਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ।ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਕਾਂਗਰਸ ਸਰਕਾਰ ਵਿਰੁੱਧ ਸਵਾਲ ਖੜੇ ਕਰਨ ਵਾਲੇ ਨਵਜੋਤ ਸਿੰਘਸਿੱਧੂ ਨੂੰ ਸ਼ਾਂਤ ਕਰਨ ਲਈ ਹਾਈਕਮਾਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅੱਜ ਉਨ੍ਹਾਂ ਮੁੱਖ ਮੰਤਰੀ ਚੰਨੀ ਦੀ ਹਾਜ਼ਰੀ ਵਿੱਚਇਸ ਇਕਜੁੱਟਤਾ ਲਈ ਰੱਖੀ ਰੈਲੀ ਦੇ ਮੰਚਤੋਂ ਸਾਫ ਕਹਿਦਿੱਤਾ ਕਿ ਉਹ ਖਾਲੀ ਖ਼ਜ਼ਾਨੇ ਦੇ ਦੌਰ ਵਿੱਚ ਜਨਤਾ ਨੂੰ ਲਾਲੀਪਾਪ ਨਹੀਂ ਵੰਡਣ ਦੇਣਗੇ।ਸਿੱਧੂ ਨੇ ਕਿਹਾ ਕਿ ਪੰਜਾਬ ਦਾ ਹਾਲ ਇਹ ਹੈ ਕਿ 5 ਲੱਖ ਦੇ ਘਰ ਉੱਤੇ 50 ਲੱਖ ਦਾ ਕਰਜ਼ਾ ਹੈ, ਜ਼ਮੀਨਾਂ ਗਹਿਣੇ ਰੱਖ ਕੇ ਲਏ ਜਾ ਰਹੇ ਕਰਜ਼ੇ ਦਾ 75 ਫੀਸਦੀ ਹਿੱਸਾ ਪੁਰ-ਾਣਾ ਕਰਜ਼ ਲਾਹੁਣ ਵਿੱਚ ਚਲਾ ਜਾਂਦਾ ਹੈ। ਜੇ ਪੰਜਾਬ ਦੇ ਖ਼ਜ਼ਾਨੇ ਵਿਚ ਪੈਸਾ ਹੋਵੇ ਤਾਂ ਟੀਚਰ ਸੜਕਾਂ ਉੱਤੇ ਧਰਨੇ ਨਾ ਲਾਉਣ। ਇਸ ਹਾਲਾਤ ਤੋਂ ਬਚਣ ਲਈ ਪੰਜਾਬ ਤੋਂ ਮਾਫੀਆ ਰਾਜ ਖਤਮ ਕਰ ਕੇ ਖਜ਼ਾਨੇ ਵਿਚ 30 ਹਜ਼ਾਰ ਕਰੋੜ ਲਿਆਂਦਾ ਜਾਵੇ, ਜਿਸ ਲਈ ਰੋਡ ਮੈਪ ਬਣਾਉਣਾ ਹੋਵੇਗਾ। ਜੇਏਦਾਂ ਨਾ ਹੋਇਆ ਤਾਂ ਸਿਵਲ ਕ੍ਰਾਂਤੀ ਆ ਸਕਦੀ ਹੈ, ਕਿਉਂਕਿ ਪੰਜਾਬ ਦੇ ਲੋਕ ਆਪਣਾ ਹੱਕ ਖੋਹ ਕੇ ਲੈਂਦੇ ਹਨ ਤੇ ਅਗਲੇ ਦਿਨਾਂ ਵਿੱਚ ਗੱਡੀਆਂ ਦੇ ਸ਼ੀਸ਼ੇ ਤੋੜਨ ਦੀ ਨੌਬਤ ਆ ਸਕਦੀ ਹੈ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ


# ਕੈਪਟਨ ਅਮਰਿੰਦਰ ਸਿੰਘ ਕਹਿੰਦੈ: ਖੇਤੀ ਕਾਨੂੰਨ ਵਾਪਿਸ ਲੈਣ ਦੇ ਫੈਸਲੇ ਨੇ ਸਾਬਤ ਕੀਤਾ ਕਿ ਮੋਦੀ ਜਨਤਾ ਦੀ ਰਾਏ ਸੁਣਦੈ


ਚੰਡੀਗੜ੍ਹ, 22 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਫੈਸਲਾ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਜਨਤਾ ਦੀ ਰਾਏ ਸੁਣਦੇ ਹਨ।ਇਸ ਬਾਰੇ ਅਖਬਾਰਾਂ ਵਿੱਚ ਲਿਖੇ ਲੇਖ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਿ ਨਰਿੰਦਰ ਮੋਦੀ ਦੇ ਫੈਸਲੇ ਨੂੰ ਚੜ੍ਹਾਈ ਜਾਂ ਕਮਜ਼ੋਰੀ ਵਜੋਂ ਦੇਖਣਾ ਸਹੀ ਨਹੀਂ, ਲੋਕਤੰਤਰ ਵਿਚ ਲੋਕਾਂ ਦੀ ਇੱਛਾ ਤੋਂ ਵੱਡੀ ਕੋਈ ਚੀਜ਼ ਨਹੀਂ ਅਤੇ ਅਜਿਹਾ ਕਰਨ ਵਾਲੇ ਨੇਤਾ ਤੋਂ ਵੱਡਾ ਕੋਈ ਲੋਕਤੰਤਰੀ ਨਹੀਂ ਹੁੰਦਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੰਗ ਦੇ ਮੈਦਾਨ ਵਿੱਚਪਾਕਿਸਤਾਨ ਕਦੇ ਭਾਰਤ ਤੋਂ ਜਿੱਤ ਨਹੀਂ ਸਕਿਆ, ਪਰ ਕਿਸਾਨੀ ਅੰਦੋਲਨ ਦੀ ਆੜ ਹੇਠ ਉਹ ਪ੍ਰੌਕਸੀ ਲੜਾਈ ਲਈ ਰਣਨੀਤੀਆਂ ਘੜ ਰਿਹਾ ਸੀ,ਪ੍ਰਧਾਨ ਮੰਤਰੀ ਮੋਦੀ ਨੇ ਖੇਤੀ ਕਾਨੂੰਨ ਵਾਪਸ ਲੈ ਕੇ ਭਾਰਤ ਲਈ ਪਾਕਿਸਤਾਨ ਦੇ ਖਤਰਨਾਕ ਇਰਾਦੇ ਨੂੰ ਚਕਨਾਚੂਰ ਕੀਤਾ ਹੈ। ਕੈਪਟਨ ਨੇ ਕਿਹਾ ਕਿ ਪ੍ਰਧਾਨ ਮੰਤਰੀਨਰਿੰਦਰ ਮੋਦੀ ਇੱਕ ਸ਼ਰਧਾਲੂਸਿੱਖਵਜੋਂ, ਜੋ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਡੂੰਘਾ ਪ੍ਰਭਾਵਤ ਹੈ, ਫੈਸਲੇ ਐਲਾਨ ਕਰਨ ਸਮੇਂ ਉਸ ਨੇ ਆਪਣੇ ਸੰਬੋਧਨ ਵਿੱਚਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਹਵਾਲਾ ਦਿੱਤਾ, ਜਿਸ ਤੋਂ ਜ਼ਾਹਰ ਹੈ ਕਿ ਉਹ ਸਿੱਖਾਂ ਨਾਲ ਜੁੜਨਾ ਚਾਹੁੰਦੇ ਹਨ।ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਖੁਲ੍ਹਵਾ ਦਿੱਤਾ ਸੀ। ਪਿਛਲੇ ਸਾਲ ਉਹ ਦਿੱਲੀ ਦੇ ਦੋ ਗੁਰੂ ਘਰਾਂ ਵਿੱਚ ਮੱਥਾ ਟੇਕ ਚੁੱਕੇ ਹਨ।ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਫਗਾਨਿਸਤਾਨ ਤੋਂ ਵਾਪਸ ਆਏ ਤਾਂ ਕਿਹੜੇਸਿੱਖ ਨੂੰ ਖੁਸ਼ੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਇਸ ਵਿੱਚਸ਼ੱਕ ਨਹੀਂ ਕਿਸਾਨ ਦੇਸ਼ ਦਾ ਪੇਟ ਭਰਦਾ ਹੈ, ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਰੋਜ਼ੀ ਲਈ ਖੇਤੀ ਉੱਤੇ ਨਿਰਭਰ ਹੈ, ਪਰ ਸਿੱਖੀ ਨੂੰ ਸਿਆਸਤ ਲਈ ਨਾ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ 1980 ਦੇ ਜ਼ਖਮ ਕਿਸੇ ਨੂੰ ਭੁੱਲੇ ਨਹੀਂ ਤੇ ਜੇ ਕੋਈ ਇਨ੍ਹਾਂ ਮੁੱਦਿਆਂ ਉੱਤੇ ਰਾਜਨੀਤੀ ਕਰੇਗਾ ਤਾਂ ਜਨਤਾ ਉਨ੍ਹਾਂ ਨੂੰ ਸਬਕ ਸਿਖਾਏਗੀ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਿਛਲੀ ਪਾਰਟੀ ਕਾਂਗਰਸਬਾਰੇ ਕਿਹਾ ਕਿ ਮੈਂ ਉਨ੍ਹਾ ਨੂੰ ਸ਼ੀਸ਼ਾ ਦਿਖਾਉਣਾ ਚਾਹੁੰਦਾ ਹਾਂ।ਉਨ੍ਹਾਂ ਕਿਹਾ ਕਿ ਵਿਰੋਧ ਪ੍ਰਦਰਸ਼ਨ 2019 ਦੇ ਅੰਤਵਿੱਚਸ਼ੁਰੂ ਹੋਇਆ ਸੀ, ਫਿਰਦਿੱਲੀ ਚੋਣਾਂ ਵਿੱਚ ਕਾਂਗਰਸ ਨੂੰ ਦੂਸਰੀ ਵਾਰ ਗੋਲਡਨ ਜ਼ੀਰੋ ਮਿਲਿਆ। ਉਨ੍ਹਾਂ ਨੇ ਕੋਵਿਡ ਲਾਕਡਾਊਨ ਵੇਲੇ ਪ੍ਰਵਾਸੀਆਂ ਦੀ ਵਾਪਸੀ ਦਾ ਸਿਆਸੀਕਰਨ ਕਰਨ ਦੀ ਕੋਸ਼ਿਸ਼ ਕੀਤੀ ਤੇ ਵੱਡੀ ਗਿਣਤੀ ਪ੍ਰਵਾਸੀਆਂ ਵਾਲੇ ਰਾਜ ਬਿਹਾਰ ਵਿੱਚ ਕਾਂਗਰਸ ਦਾ ਪ੍ਰਦਰਸ਼ਨ ਇੰਨਾ ਮਾੜਾ ਸੀ ਕਿ ਰਾਸ਼ਟਰੀ ਜਨਤਾ ਦਲਵਾਲੇ ਉਨ੍ਹਾਂ ਦੇ ਦੋਸਤ ਸੱਤਾ ਵਿੱਚਨਹੀਂ ਆ ਸਕੇ। ਕੋਵਿਡ ਤੇ ਖੇਤੀ ਕਾਨੂੰਨਾਂ ਦੇ ਸਿਖਰਵੇਲੇ ਇਸ ਸਾਲ ਮਈ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਕੇਰਲ ਵਿੱਚ ਕਾਂਗਰਸ ਜਿੱਤ ਨਹੀਂ ਸਕੀ, ਹਾਲਾਂਕਿ ਓਥੇ ਖੱਬੇ ਪੱਖ ਅਤੇ ਕਾਂਗਰਸ ਵਿਚਾਲੇ ਬਦਲਾਓ ਦਾ ਇਤਿਹਾਸ ਸੀ। ਉਨ੍ਹਾ ਨੇ ਕਿਹਾ ਕਿ ਪੁਡੂਚੇਰੀ ਵਿਚ ਕਾਂਗਰਸ ਨੇ ਆਪਣੀ ਸਰਕਾਰ ਗੁਆ ਲਈ, ਬੰਗਾਲ ਤੇ ਅਸਾਮ ਵਿਚ ਇੱਕ ਤਰ੍ਹਾਂ ਸਫਾਇਆ ਹੋ ਗਿਆ ਸੀਤੇ ਓਥੇ ਸੁਧਾਰ ਕਰਨ ਦੀ ਥਾਂ ਇਸ ਨੇ ਇਕਲੌਤਾ ਰਾਜਪੰਜਾਬ ਅਸਥਿਰ ਕਰ ਦਿੱਤਾ, ਜਿੱਥੇ ਉਹ 2017 ਤੋਂ ਬਾਅਦ ਹਰ ਚੋਣ ਜਿੱਤੇ ਸਨ। ਇਸ ਦੇ ਉਲਟ ਭਾਜਪਾ ਨੇ ਦਿੱਲੀ ਵਿਚ ਤਾਕਤ ਬਣਾਈ ਰੱਖੀ ਤੇ ਬਿਹਾਰ ਵਿਚ ਸਭ ਤੋਂ ਵੱਡੀ ਪਾਰਟੀ ਬਣ ਗਈ, ਬਿਹਾਰ ਤੇ ਪੁਡੂਚੇਰੀ ਵਿਚ ਸਰਕਾਰਾਂ ਬਣਾਈਆਂ ਤੇ ਬੰਗਾਲ ਵਿਚ ਖੇਤੀ ਕਾਨੂੰਨਾਂ ਦੇ ਸਮੇਂ ਦੌਰਾਨ ਚੋਖਾ ਸੁਧਾਰ ਕਰ ਲਿਆ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਖਦੇਸ਼ ਭਗਤ ਹਨ। ਉਨ੍ਹਾਂ ਨੇ ਮਾਤ ਭੂਮੀ ਦੀ ਰਾਖੀ ਲਈ ਮੁਗਲਾਂ ਤੇ ਅੰਗਰੇਜ਼ਾਂ ਦਾ ਡਟ ਕੇ ਮੁਕਾਬਲਾ ਕੀਤਾ ਸੀ।ਸਿੱਖ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਕੇਂਦਰੀ ਮੰਤਰੀ, ਮੁੱਖ ਮੰਤਰੀ, ਫੌਜ ਦੇ ਮੁਖੀ, ਚੋਟੀ ਦੇ ਕਾਰੋਬਾਰੀ, ਅਦਾਕਾਰ, ਕਲਾਕਾਰ ਬਣੇ ਅਤੇ ਵੱਖ-ਵੱਖ ਖੇਤਰਾਂ ਵਿਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚਸਿੱਖ ਨੌਜਵਾਨਾਂ ਨੂੰ ਸਨੇਹ ਅਤੇ ਮੇਲ-ਮਿਲਾਪ ਦਾ ਸੰਦੇਸ਼ ਦਿੱਤਾ ਹੈ ਅਤੇ ਮੈਂ ਹਮੇਸ਼ਾ ਕਿਹਾ ਹੈ ਕਿ ਸਰਹੱਦੀ ਰਾਜ ਹੋਣ ਕਾਰਨ ਪੰਜਾਬ ਵਧੇਰੇ ਸੰਵੇਦਨਸ਼ੀਲ ਪ੍ਰਬੰਧ ਦਾ ਹੱਕਦਾਰ ਹੈ ਅਤੇ ਮੈਨੂੰ ਖੁਸ਼ੀ ਹੈ ਕਿ ਇਹੋ ਕੀਤਾ ਜਾ ਰਿਹਾ ਹੈ। ਮੈਂ ਖੇਤੀ ਬਿੱਲਾਂ ਦੇ ਮੁੱਦੇ ਦੇ ਸ਼ਾਂਤਮਈ ਹੱਲ ਦੀ ਮੰਗ ਕਰਨ ਵਾਲੇ ਸਭ ਤੋਂ ਪਹਿਲੇ ਲੋਕਾਂ ਵਿੱਚੋਂ ਸੀ, ਏਥੋਂ ਤੱਕ ਕਿ ਕਾਨੂੰਨ ਵਾਪਸ ਲੈਣ ਦਾ ਕੰਮ ਵੀ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਜੋ ਕੀਤਾ ਹੈ, ਉਹ ਸਿੱਖ ਕੌਮ ਦੇ ਹਿੱਤ ਵਿੱਚ ਹੈ, ਇਹ ਪੰਜਾਬ ਦੇ ਹਿੱਤ ਵਿੱਚ ਹੈ ਤੇ ਸਾਡੇ ਰਾਸ਼ਟਰੀ ਹਿੱਤਵਿੱਚ ਮਹੱਤਵਪੂਰਨ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training

Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

# ਕੋਵਿਡ-19 ਮਹਾਂਮਾਰੀ ਦੌਰਾਨ ਭਾਰਤੀ ਹਾਕਮ ਕਹਿਰਵਾਨ ਸਾਬਤ ਹੋਏ !

ਕੋਵਿਡ-19 ਦੀ ਮਹਾਂਮਾਰੀ ਦੌਰਾਨ ਸਿਝਣ ਲਈ, ਜੋ ਗੈਰ ਪ੍ਰਸੰਗਿਕ, ਗੈਰ-ਤਰਕਸ਼ੀਲ ਅਤੇ ਗੈਰ ਵਿ-ਗਆਨਕ ਨੀਤੀਆਂ ਕੇਂਦਰ ਦੀ ਮੋਦੀ ਸਰਕਾਰ ਅਤੇ ਰਾਜ ਸਰਕਾਰਾਂ ਨੇ ਦੇਸ਼ ਅੰਦਰ ਲਿਆਂਦੀਆਂ ਉਹ ਸਭ ਆਮ ਤੇ ਗਰੀਬ ਲੋਕਾਂ ਲਈ ਮਾਰੂ ਸਾਬਤ ਹੋਈਆਂ ਸਨ। ਭਾਵੇਂ ! ਇਸ ਆਫ਼ਤ ਦੌਰਾਨ ਖਾਸ ਕਰਕੇ ਕਿਰਤੀ ਜਮਾਤ ਅਤੇ ਕਿਸਾਨੀ ਦਾ ਦੇਸ਼ ਦੇ ਨਿਰਮਾਣ ਵਿੱਚ ਸਭ ਤੋਂ ਵੱਧ ਯੋਗਦਾਨ ਪੈ ਰਿਹਾ ਸੀ। ਪਰ ! ਉਸ ਗਰੀਬ ਵਰਗ ਨੂੰ ਸਭ ਤੋਂ ਵੱਧ ਆਰਥਿਕ ਅਤੇ ਸਮਾਜਿਕ ਦੁੱਖ ਭੋਗਣਾ ਪਿਆ। ਕੋਵਿਡ-19 ਮਹਾਂਮਾਰੀ ਦੌਰਾਨ ਅਤੇ ਇਸ ਤੋਂ ਬਾਦ 14 ਕਰੋੜ ਤੋਂ ਵੱਧ ਰਹੀ ਬੇਰੁਜ਼ਗਾਰੀ ਤੇ ਕੋਈ ਕੰਮ-ਕਾਰ ਨਾ ਹੋਣ ਕਰਕੇ ਬੇ-ਸਹਾਰਾ ਹੋ ਗਏ ਸਨ। ਪੇਟ ਭਰ ਰੋਟੀ ਖਾਣ ਨੂੰ ਨਾ ਮਿਲਣ ਅਤੇ ਘਰਾਂ ਦੀਆਂ ਹੋਰ ਜਰੂਰਤਾਂ ਅਤੇ ਥੁੜਾਂ ਪੂਰੀਆਂ ਨਾ ਹੋਣ ਕਾਰਨ ਇਹ ਲੋਕ ਆਪਣੇ-ਆਪਣੇ ਰਾਜਾਂ ਨੂੰ ਕੋਈ ਸੁਰੱਖਿਅਤ ਸਾਧਨ ਨਾ ਹੁੰਦਿਆਂ ਹੋਇਆਂ ਵੀ ਆਪਣੇ ਘਰਾਂ ਵੱਲ ਨੂੰ ਤੁਰ ਪਏ ਸਨ। ਇਸ ਆਫ਼ਤ ਭਰੇ ਸਫ਼ਰ ਦੌਰਾਨ ਰੇਲ ਅਤੇ ਸੜਕ ਦੁਰਘਟਨਾਵਾਂ ਕਾਰਨ ਅਤੇ ਭੁੱਖ ਦੇ ਦੁੱਖੋ ਪੈਦਲ ਚਲਦਿਆਂ, ਇਹੋ ਜਿਹੀ ਮੁਸੀਬਤ ਵਿੱਚ ਆਪਣੀਆਂ ਕੀਮਤੀ ਜਾਨਾ ਵੀ ਉਨ੍ਹਾਂ ਨੂੰ ਗੁਵਾਣੀਆਂ ਪਈਆਂ। ਇਹੋ ਜਿਹੀ ਤਰਾਸਦੀ ਦੌਰਾਨ ਵੀ ਸਾਡੀਆਂ ਸਰਕਾਰਾਂ ਉਨ੍ਹਾਂ ਨੂੰ ਜਾਨ-ਮਾਲ, ਸਿਹਤ, ਰਿਹਾਇਸ਼, ਖਾਣ ਪੀਣ ਤੇ ਹੋਰ ਬੁਨਿਆਦੀ ਸਹੂਲਤਾਂ ਦੇਣ ਦਾ ਵਿਸ਼ਵਾਸ਼ ਨਹੀ ਦੇ ਸਕੀਆਂ। ਗਰੀਬ ਮਜਦੂਰਾਂ ਦੀ ਇਹੋ ਜਿਹੀ ਤਰਾਸਦੀ ਦੀ ਹਾਲਤ ਨੂੰ ਕੇਵਲ ਰਾਜਨੀਤਕ ਅਸਫਲਤਾ ਕਹਿਣਾ ਹੀ ਠੀਕ ਨਹੀ ਹੋਵੇਗਾ, ਸਗੋਂ ! 'ਤੇ ਸਰਕਾਰਾਂ ਦੀ ਨੈਤਿਕ ਅਸਫ਼ਲਤਾ ਵੀ ਮੰਨੀ ਜਾਵੇਗੀ ? ਕੋਵਿਡ-19 ਮਹਾਂਮਾਰੀ ਦੀ ਮਾਰ ਦਾ ਸਭ ਤੋਂ ਵੱਧ ਗਰੀਬ, ਬੇਸਹਾਰਾ ਅਤੇ ਆਮ ਲੋਕਾਂ ਨੂੰ ਇਸ ਦਾ ਸ਼ਿਕਾਰ ਹੋਣਾ ਪਿਆ ਸੀ।

ਬੱਚਿਆਂ ਦੇ ਮਨ ਨੂੰ ''ਇਗਨਾਈਟ'' ਕਰਨ ਵਾਲੀ ਆਪਣੀ ਪ੍ਰਸਿੱਧ ਕਿਤਾਬ, ''ਇਗਨਾਈਟਿੰਗ ਮਾਂਈਡਜ਼'' ਨੂੰ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਤੇ ਗੁਜਰ-ਾਤ ਦੀ ਇਕ ਬਾਰ੍ਹਵੀ ਕਲਾਸ ਦੀ ਵਿਦਿਆਰਥਣ ਨੂੰ 11 ਅਪ੍ਰੈਲ 2002 ਨੂੰ ਉਸ ਸਮੇਂ ਸਮਰਪਿੱਤ ਕੀਤੀ ਸੀ, ਜਦੋਂ ਉਹ ਇਕ ਸਕੂਲ ਦੇ ਮੁੱਖ ਮਹਿਮਾਨ ਵਜੋਂ ਉਥੇ ਪਹੁੰਚੇ ਸਨ। ਉਨਾਂ ਨੇ ਉਥੇ ਬੱਚਿਆਂ ਨੂੰ ਇਕ ਸਵਾਲ ਕੀਤਾ, ''ਕਿ ਸਾਡਾ ਦੁਸ਼ਮਣ ਕੌਣ ਹੈ ?'' ਜਿਸ ਦਾ ਉਤੱਰ ਇਕ ਵਿਦਿਆਰਥਣ ਸਨੇਹਲ ਨੇ ਦਿੱਤਾ, ਤੇ ਜਿਸ ਦਾ ਸਾਰੇ ਵਿਦਿਆਰਥੀਆਂ ਨੇ ਇਕ ਸੁਰ ਹੋ ਕੇ ਸਮਰਥਨ ਕੀਤਾ ਸੀ। ਉਸ ਨੇ ਕਿਹਾ ਸੀ, ''ਕਿ ਗਰੀਬੀ ਸਾਡੀ ਸਭ ਤੋਂ ਵੱਡੀ ਦੁਸ਼ਮਣ ਹੈ ?'' ਕਰੋਨਾ ਕਾਲ ਦੇ ਦੌਰਾਨ ਦੇਸ਼ ਭਰ ਵਿੱਚ ਪੂਰਨ ਬੰਦੀ (ਲਾਕ-ਡਾਊਨ) ਤੇ ਉਸ ਤੋਂ ਬਾਦ ਦੇਸ਼ ਦੇ ਬਦਲਦੇ ਆਰਥਿਕ ਤੇ ਸਮਾਜਿਕ ਹਲਾਤਾਂ ਵਿੱਚ ਇਸ ਅਵਾਜ਼ ਦੀ ਸਾਨੂੰ ਸਹਿਜ ਹੀ ਸਮਝ ਆ ਸਕਦੀ ਹੈ, 'ਕਿ ਦੇਸ਼ ਅੰਦਰ ਗਰੀਬੀ ਹੀ ਸੱਭ ਤੋਂ ਵੱਡੀ ਲਾਹਨਤ ਹੈ ! ਇਸ ਲਾਕ-ਡਾਊਨ ਦਾ ਸਭ ਤੋਂ ਮਾੜਾ ਅਸਰ ਗਰੀਬ ਤੇ ਦਿਹਾੜੀਦਾਰ ਮਜ਼ਦੂਰਾਂ ਉੱਪਰ ਪਿਆ। ਵਿੰਡਬਨਾ ਇਹ ਸੀ, ਕਿ, ਇਹ ਅਬਾਦੀ ਦਾ ਇਕ ਵੱਡਾ ਹਿੱਸਾ ਕੋਵਿਡ-19 ਦੀ ਮਹਾਂਮਾਰੀ ਰਾਹੀ ਨਹੀਂ ਸਗੋਂ ਉਹ ਗਰੀਬੀ ਤੇ ਭੁੱਖ-ਮਰੀ ਵਾਲੀ ਹਾਲਤ ਜੋ ਸਰਕਾਰ ਤੇ ਅਮੀਰ ਲੋਕਾਂ ਦੀ ਬੇਪ੍ਰਵਾਹੀ ਅਤੇ ਲਾਪ੍ਰਵਾਹੀ ਦੇ ਕਾਰਨ ਪੈਦਾ ਹੋਈ ਦੌਰਾਨ ਹੀ ਮਰ ਰਹੇ ਸਨ।'' ਹਿੰਦੀ ਦੇ ਲੇਖਕ ''ਫਣੀਸ਼ਰ ਰੇਣੂ'' ਦੀ ''ਮੈਲਾ ਆਂਚਲ'' ਹਿੰਦੀ ਦੀ ਇਕ ਕਿਤਾਬ ਵਿੱਚ ਲਿਖਿਆ ਹੈ, ''ਕਿ ਕਿਵੇਂ ਲੋਕ ਮਲੇਰੀਆ ਦੀ ਬਿਜਾਏ ਗਰੀਬੀ ਤੇ ਪੱਛੜੇ-ਪਨ ਨਾਲ ਮਰਦੇ ਹਨ। ਡਾ:ਰੇਣੂ ਇਸ ਤੋਂ ਅੱਗੇ ਲਿਖਦੇ ਹਨ ਕਿ ਡਾਕਟਰਾਂ ਨੇ ਰੋਗ ਦੀ ਜੜ ਲੱਭ ਲਈ ਹੈ, ਤੇ ਉਹ ਹੈ, ''ਗਰੀਬੀ ਤੇ ਜਹਾਲਤ'' ਜੋ ਇਸ ਰੋਗ ਦੇ ਸਭ ਤੋਂ ਵੱਡੇ ਕੀਟਾਣੂ ਹਨ। ਇਸੇ ਤਰ੍ਹਾਂ ਹੀ ਸਾਡੇ ਦੇਸ਼ ਵਿੱਚ ਵੀ ਕੋਵਿਡ-19 ਦੀ ਮਹਾਂਮਾਰੀ ਨਾਲ ਉਨੀਆਂ ਮੌਤਾਂ ਨਹੀਂ ਹੋਈਆਂ ਜਿੰਨੀਆਂ ਗਰੀਬੀ-ਗੁਰਬਤ ਤੇ ਭੁੱਖ ਨਾਲ ਜੂਝਦਿਆਂ ਹੋਇਆ, ਹੋਈਆਂ ਹਨ, ਜਿਸ ਦਾ ਇਲਾਜ ਪਹਿਲਾਂ ਹੋਣਾ ਚਾਹੀਦਾ ਸੀ।



ਸਾਨੂੰ ਪ੍ਰੇਮ ਚੰਦ ਦੇ ਉਸ ਨਾਵਲ ''ਗੋਦਾਨ'' ਜੋ 1936 ਵਿੱਚ ਲਿਖਿਆ ਸੀ, ਜਿਸ ਵਿੱਚ ਕਿਸਾਨ ਦੇ ਮਜ਼ਦੂਰ ਵਿੱਚ ਬਦਲਣ ਦੀ ਤਰਾਸਦੀ ਦੀ ਵਿਆਖਿਆ ਹੈ। ਤਾਂ ! ਅੱਜ ਦੇ ਸੰਦਰਭ ਵਿੱਚ ਵੀ ''ਸਾਨੂੰ ਇਸ ਇਸ ਭੂਮੰਡਲੀ-ਕਰਨ ਦੀ ਅਰਥ-ਵਿਵਸਥਾ ਅੰਦਰ ਇਨ੍ਹਾਂ ਮਜ਼ਦੂਰਾਂ ਦੇ ਸ਼ੋਸ਼ਣ ਦੀ ਅਸਲੀ ਗਾਥਾ, ਦੀ ਤਸਵੀਰ ਦਿਸ ਰਹੀ ਹੈ, ਜਿਥੇ ਹਰ ਚੀਜ਼ ਦਾ ਸਰਵੇਖਣ ਕੇਵਲ ਆਰਥਿਕ ਲਾਭ ਦੇ ਮਾਪਦੰਡ ਨਾਲ ਹੀ ਮਾਪਿਆ ਜਾਂਦਾ ਹੈ। ਖੂਨ-ਪਸੀਨੇ ਦੀ ਮਿਹਨਤ ਨਾਲ ਦੇਸ਼ ਭਰ ਵਿੱਚ ਆਲੀਸ਼ਾਨ ਮਹੱਲ, ਹੋਟਲ, ਹਸਪਤਾਲ, ਸੜਕਾਂ, ਪੁੱਲ ਆਦਿ ਬਣਾਉਣ ਵਾਲੇ ਮਜ਼ਦੂਰ ਹੀ ਹਨ ? ਪਰ ! ਸ਼ੋਸ਼ਣਕਾਰੀ ਉਦਯੋਗਪਤੀ ਆਪਣੀ ਧੰਨ ਨੂੰ ਵਧਾਉਣ ਦੀ ਲਾਲਸਾ ਤੇ ਅਸੰਵੇਦਨਸ਼ੀਲਤਾ ਦੇ ਰਵੱਈਏ ਰਾਂਹੀ ਕਿਰਤੀ ਵਰਗ ਦੀ ਜ਼ਿੰਦਗੀ ਨਰਕ ਬਣਾ ਦਿੰਦੇ ਹਨ।

ਇਕ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੀ 58-ਫੀ ਸਦ ਧੰਨ ਦੌਲਤ ਇਸ ਦੇਸ਼ ਦੇ ਸਭ ਤੋਂ ਵੱਧ ਅਮੀਰ ਇਕ-ਫੀ ਸਦ ਲੋਕਾਂ ਕੋਲ ਹੈ ਤੇ ਦੂਜੇ ਪਾਸੇ 21.9 ਫੀ ਸਦ ਲੋਕ ਗਰੀਬੀ ਤੋਂ ਹੇਠਾਂ ਆਪਣਾ ਜੀਵਨ ਨਿਰਬਾਹ ਕਰਨ ਲਈ ਮਜਬੂਰ ਹਨ। ਇਹ ਅੰਕੜੇ, ''ਭਾਰਤ ਦੇਸ਼ ਮਹਾਨ ਹੈ'' ਦੇ ਹਨ ਜੋ ਗਰੀਬ-ਅਮੀਰ ਦੇ ਪਾੜੇ ਦੀ ਤਸਵੀਰ ਪੇਸ਼ ਕਰਦੇ ਹਨ। ਦੇਸ਼ ਦੇ ਇਕ ਫੀ ਸਦ ਲੋਕਾਂ ਕੋਲ ਆਮਦਨ ਕਿੰਨੀ ਹੈ ਅਤੇ ਗਰੀਬਾਂ ਦੀ ਆਮਦਨ ਕਿੰਨੀ ਹੈ, ਦਾ ਪਾੜਾ ਦਿੱਸ ਰਿਹਾ ਹੈ। ਪ੍ਰਤੂੰ ਅਫਸੋਸ ਹੈ, ''ਕਿ ਦੇਸ਼ ਨੂੰ ਆਜ਼ਾਦ ਹੋਇਆ 75 ਸਾਲ ਬੀਤਣ ਦੇ ਬਾਦ ਵੀ ਦੇਸ਼ ਭਰ ਵਿਚਕਾਰ ਗਰੀਬੀ ਅਮੀਰੀ ਦਾ ਪਾੜਾ ਵੱਧਦਾ ਹੀ ਜਾ ਰਿਹਾ ਹੈ। ਅੱਜ ! ਮਿਹਨਤ-ਮਜ਼ਦੂਰੀ ਕਰਕੇ ਪੇਟ ਪਾਲਣ ਵਾਲਾ ਹੋਰ ਗਰੀਬ ਹੋ ਰਿਹਾ ਹੈ। ਅਮੀਰ-ਵਰਗ ਰਾਜ ਸਤਾ ਤੇ ਕਾਬਜ਼ ਹੋ ਕੇ ਗਰੀਬਾਂ ਦੀ ਲੁੱਟ ਕਰ ਕਰ ਕੇ ਹੋਰ ਅਮੀਰ ਹੋ ਰਿਹਾ ਹੈ। ਦੇਸ਼ ਦੇ ਵਿਕਾਸ ਦੀ ਮੂੰਹ ਬੋਲਦੀ ਤਸਵੀਰ ਰਾਹੀ, ''ਆਦਮ ਗੌਡਵੀ'' ਦੇ ਲੇਖਕ ਨੇ ਲਿਖਿਆ ਹੈ, ''ਕਿ ਝੀਲ ਪਰ ਪਾਣੀ ਬਰਸਤਾ ਹੈ ; ਹਮਾਰੇ ਦੇਸ਼ ਮੇਂ ਖੇਤ ਪਾਣੀ ਕੋ ਤਰਸਤਾ ਹੈ।'' ਅਫਸੋਸ! ਹੈ ਕਿ ਸਾਡੇ ਦੇਸ਼ ਦੇ ਹਾਕਮ ਤੇ ਸਰਕਾਰਾਂ ਦੇਸ਼ ਵਿਚੋਂ ਨੰਗ-ਭੁਖ, ਮਹਿੰਗਾਈ ਤੇ ਬੇਰੁਜ਼ਗਾਰੀ ਆਦਿ ਮਸਲਿਆਂ ਨੂੰ ਹਲ ਕਰਨ ਵਿੱਚ ਅਸਫਲ ਹੀ ਰਹੇ ਹਨ। ਸਗੋਂ! ਤੇ ਉਹ ਪੂੰਜੀਪਤੀਆਂ ਤੇ ਅਮੀਰ-ਘਰਾਣਿਆਂ ਦੀ ਪੂੰਜੀ ਕਿਵੇਂ ਵਧੇ, ਜਿਹੀਆਂ ਨੀਤੀਆਂ ਘੜ ਕੇ ਉਨ੍ਹਾਂ ਨੂੰ ਲਾਭ ਪਹੁੰਚਾ ਰਹੇ ਹਨ। ਜੇਕਰ ਪਿਛਲਾ ਇਤਿਹਾਸ ਵੀ ਦੇਖਿਆ ਜਾਵੇ ਤਾਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਦੇਸ਼ ਦੀ ਰੀੜ ਦੀ ਹੱਡੀ ਕਿਹਾ ਗਿਆ ਹੈ। ਜਨਵਰੀ-1902 ਵਿੱਚ ''ਸਵਾਮੀ ਵਿਵੇਕਾਨੰਦ'' ਨੇ ਵੀ ਕਿਹਾ ਸੀ, ''ਕਿ ਇਸ ਧਰਤੀ ਤੇ ਕੋਈ ਵੀ ਸ਼ਾਸ਼ਕ ਗਰੀਬ ਲੋਕਾਂ ਬਾਰੇ ਨਹੀਂ ਸੋਚਦਾ। ਜਦਕਿ ਉਹ ਇਸ ਦੇਸ਼ ਦੇ 'ਕਿਰਤੀ-ਕਿਸਾਨ' ਹੀ ਸਨ, ਜਿਨ੍ਹਾਂ ਨੇ ਆਪਣੀ ਮਿਹਨਤ-ਮੁਸ਼ਕਤ ਤੇ ਖੂਨ-ਪਸੀਨੇ ਦੀ ਕਮਾਈ ਨਾਲ ਅਨਾਜ ਦੇ ਭੰਡਾਰ ਪੈਦਾ ਕੀਤੇ ਸਨ। ਪਰ ! ਅਫਸੋਸ ਹੈ ਕਿ ਮਜ਼ਦੂਰਾਂ ਨੂੰ ਉਨਾਂ ਵਲੋਂ ਕੀਤੀ ਗਈ ਮਿਹਨਤ ਦਾ ਫਲ ਉਨਾਂ ਨੂੰ ਘੱਟ ਹੀ ਮਿਲਦਾ ਹੈ। ਜੇਕਰ ! ਉਹ ਮਿਹਨਤੀ ਕਿਸਾਨ-ਮਜ਼ਦੂਰ ਇਕ ਦਿਨ ਕੰਮ ਕਰਨਾ ਛੱਡ ਦੇਣ ਤਾਂ ! ਦੇਸ਼ ਦੀ ਆਰਥਿਕਤਾ ਡਾਵਾਂ-ਡੋਲ ਹੋ ਜਾਵੇਗੀ ਆਵਾਮ ਭੁੱਖਾ ਮਰ ਜਾਵੇਗਾ।

ਜੇਕਰ ਸਰਕਾਰ ਸੱਚ-ਮੁੱਚ ਦੇਸ਼ ਵਿਚੋਂ ਗਰੀਬੀ ਗੁਰਬਤ ਖਤਮ ਕਰਨਾ ਚਾਹੁੰਦੀ ਹੈ ਤੇ ਦੇਸ਼ ਦੀ ਸਮਾਜਿਕ-ਆਰਥਿਕ ਹਾਲਤ ਨੂੰ ਉੱਚਾ ਚੁੱਕਣਾ ਚਾਹੁੰਦੀ ਹੈ,ਤਾਂ! ਦੇਸ਼ ਵਿੱਚ ਗਰੀਬੀ-ਅਮੀਰੀ ਦੇ ਪਾੜੇ ਨੂੰ ਖਤਮ ਕਰਨਾ ਹੋਵੇਗਾ। ਕਰੋਨ ਮਹਾਂਮਾਰੀ ਦੌਰਾਨ ਕੇਵਲ ''ਮਜ਼ਦੂਰ ਹੀ ਨਹੀਂ ਮਰੇ, ਸਗੋਂ ਤੇ ਦੇਸ਼ ਭਰ ਵਿੱਚ ਇਨਸਾਨੀਅਤ ਵੀ ਮਰੀ ਹੈ !'' ਭਾਂਵੇ ! ਫਿਲਮਾਂ ਵਿੱਚ ਦੇਸ਼ ਦੀ ਰਾਜਨੀਤੀ ਅੰਦਰ ਗਰੀਬੀ-ਗੁਰਬਤ ਵਿੱਚ ਰਹਿ ਰਹੇ ਲੋਕਾਂ 'ਤੇ ਫਿਲਮਸਾਜ਼ ਤੇ ਐਕਟਿੰਗ ਕਰਨ ਵਾਲੇ ਕੁਝ ਰਾਜਨੀਤਕ ਅਤੇ ਉਨ੍ਹਾਂ ਦੀਆਂ ਪਾਰਟੀਆਂ ਖੁਦ ਕਿਰਤੀ-ਜਮਾਤ ਦੀ ਬਦੌਲਤ ਅਰਬਪਤੀ ਬਣ ਜਾਂਦੇ ਹਨ। ਪ੍ਰਤੂੰ ! ਗਰੀਬ ਉਥੋ ਦਾ ਉਥੇ ਹੀ ਰਹਿ ਜਾਂਦਾ ਹੈ। ਭਾਵ ! ਭਾਰਤ ਦੇਸ਼ ਵਿੱਚ ਰਾਜਸਤਾ ਅੰਦਰ ਇਥੋਂ ਦੇ ਗਰੀਬ ਲੋਕ ਅਮੀਰਾਂ ਨੂੰ ਅੱਗੇ ਵੱਧਣ ਲਈ ਇਕ ''ਪੌੜੀ'' ਵਜੋਂ ਹੀ ਵਰਤੇ ਜਾ ਰਹੇ ਹਨ। ''ਸੂਡਾਨ'' ਵਿੱਚ 1993 ਦੇ ਅਕਾਲ ਸਮੇਂ; ''ਦੀ ਵਲਚਰ ਐਂਡ ਦੀ ਲਿਟਲ ਗਰਲ'' ਵਿੱਚ ਇਕ ਗਿੱਧ ਦੇ ਸਾਹਮਣੇ ਭੁੱਖ ਨਾਲ ਮਰ ਰਹੀ ਇਕ ਛੋਟੀ ਜਿਹੀ ਲੜਕੀ ਦੀ ਤਸਵੀਰ ਇਕ ਫੋਟੋਗਰਾਫ਼ਰ, 'ਕੇਵਿਨ ਕਾਰਟਰ' ਨੇ ਖਿੱਚੀ ਸੀ। (ਬਾਦ ਵਿਚ ਜਿਸ ਦੀ ਪਛਾਣ 'ਕੋਂਗ ਨਿਓਂਗ' ਨਾਮ ਦੇ ਲੜਕੇ ਦੇ ਰੂਪ ਵਿੱਚ ਹੋਈ)। ਕੇਵਿਨ ਰਾਤੋ-ਰਾਤ ਇਕ ਵੱਡੀ ਹਸਤੀ ਫੋਟੋਗਰਾਫਰ ਦੇ ਨਾਂ ਨਾਲ ਮਸ਼ਹੂਰ ਹੋ ਗਿਆ। ਉਸ ਨੂੰ ਇਸ ਤਸਵੀਰ ਬਦਲੇ 'ਪੁਲਿਤਜ਼ਰ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਪ੍ਰਤੂੰ ! ਕੇਵਿਨ ਨੇ ਕੁਝ ਚਿਰ ਬਾਦ 'ਆਤਮ-ਹੱਤਿਆ' ਕਰ ਲਈ। ਕਿਉਂਕਿ ਉਹ ਇਹੀ ਸੋਚਦਾ ਰਿਹਾ ''ਕਿ ਮੈਂ ਬਹੁਤ ਵੱਡਾ ਅਪਰਾਧ ਕੀਤਾ ਹੈ। ਮੈਂ ਉਸ ਲੜਕੇ ਦੀ ਜਾਨ ਬਚਾਉਣ ਦੀ ਬਜਾਏ ਉਸ ਦੀ ਫੋਟੋ ਕਿਉਂ ਖਿੱਚੀ ?'' ਅਸਲ ਬੀਮਾਰੀ ਇਹ ਹੈ ਕਿ ਨੰਗ-ਭੁੱਖ ਨੂੰ ਲੋਕਾਂ ਸਾਹਮਣੇ ਕਿਵੇਂ ਨੰਗਾ ਕੀਤਾ ਜਾਵੇ ਤੇ ਇਸ ਦਾ ਹੱਲ ਕੀ ਹੋਵੇ ? ਇਸ ਨੰਗ-ਭੁੱਖ ਲਈ ਕੌਣ ਜ਼ਿੰਮੇਵਾਰ ਹੈ ?

ਸਾਡੇ ਦੇਸ਼ ਦੀ ਮੋਦੀ ਸਰਕਾਰ ਨੂੰ ਅਤੇ ਅਡਾਨੀਆਂ, ਅੰਬਾਨੀਆਂ, ਰਿਲ-ਾਇੰਸ ਅਤੇ ਹੋਰ ਅਮੀਰਾਂ ਨੂੰ ਇਹੋ ਜਿਹੀਆਂ ਕਹਾਣੀਆਂ ਤੋਂ ਸਬਕ ਸਿਖਣਾ ਚਾਹੀਦਾ ਹੈ, ਤਾਂ! ਜੋ ''ਗਰੀਬਾਂ ਦੀ ਗਰੀਬੀ ਤੇ ਹੱਸਿਆ ਨਾ ਜਾਵੇ। ਸਗੋਂ ਤੇ ਉਨ੍ਹਾਂ ਦੀ ਮਦਦ ਕੀਤੀ ਜਾਵੇ।'' ਜਰਮਨੀ ਦੇ ਬੋਨ 'ਚ ਰਹਿਣ ਵਾਲੇ (ਆਈ.ਜੇ.ਡੀ.ਏ) ਇੰਸਟੀਚਿਊਟ ਆਫ ਲੇਬਰ ਇਕਨੌਮਿਕਸ ਦੇ ਫੈਲੋ ਰਿਸਰਚ ''ਸੰਤੋਸ਼ ਮੇਹਰੋਤਰਾ ਅਤੇ ਉਨ੍ਹਾਂ ਦਾ ਸਾਥੀ ਜਜਤੀ ਕੇਸ਼ਰੀ ਪਰਿਦਾ'' ਦੀ ਇਕ ਰੀਪੋਟ ਮੁਤਾਬਿਕ ਭਾਰਤ ਵਿੱਚ ਪਿਛਲੇ 8-ਸਾਲਾਂ (ਅੱਠ-ਸਾਲਾਂ) ਤੋਂ 76-ਮਿਲੀਅਨ ਭਾਵ-7 ਕਰੋੜ 60 ਲੱਖ ਲੋਕ 2020 ਤੱਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ''ਦੀ ਵਾਇਰ'' ਦੀ ਰੀਪੋਰਟ ਮੁਤਾਬਿਕ ਇਹ ਹੈਰਾਨ ਕਰਨ ਵਾਲੀ ਗੱਲ ਹੈ, 'ਕਿ ਇਹ ਵੇਰਵਾ (ਡਾਟਾ) ਕਰੋਨਾ ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਦਾ ਹੈ। ਭਾਵ ਭਾਰਤ ਵਿੱਚ ਕਰੋਨਾ ਤੋਂ ਪਹਿਲਾਂ ਹੀ ਗਰੀਬੀ ਸ਼ੁਰੂ ਹੋ ਚੁੱਕੀ ਸੀ। ਕਰੋਨਾ ਮਹਾਂਮਾਰੀ ਦੌਰਾਨ ਪਹਿਲੇ ਅਤੇ ਦੂਸਰੇ ਕਰੋਨਾ ਦੇ ਹਮਲੇ ਬਾਦ ਇਹੋ ਜਿਹੇ ਗਰੀਬਾਂ ਦੇ ਹਾਲਾਤ ਕਿਹੋ ਜਿਹੇ ਹੋਣਗੇ ਇਸ ਦਾ ਅੰਦਾਜ਼ਾ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ।

ਜੇਕਰ ਅਸੀਂ ''ਵਿਸ਼ਵ ਮਹਾਂਮਾਰੀਆਂ'' ਦਾ ਇਤਿਹਾਸ ਪੜੀਏ ਜਾਂ ਦੇਖੀਏ ਤਾਂ ! ਪਤਾ ਲੱਗਦਾ ਹੈ, 'ਕਿ ਇਹੋ ਜਿਹੀਆਂ ਮਹਾਂਮਾਰੀਆਂ ਦੌਰਾਨ ਅਜਿਹੀਆਂ ਹੋ ਰਹੀਆਂ ਮੌਤਾ ਦਾ ਸਮੇਂ ਸਿਰ ਇਲਾਜ ਨਾ ਕਰਨ ਨਾਲ ਹੀ ਨਹੀਂ ? ਸਗੋਂ ! ਤੇ ਰਾਜਸਤਾ ਤੇ ਬੈਠੀਆਂ ਸਰਕਾਰਾਂ ਦੀਆਂ ਲਪ੍ਰਵਾਹੀਆਂ 'ਤੇ ਅਣਗੈਹਿਲੀਆਂ ਕਾਰਨ ਲੱਖਾਂ ਮੌਤਾਂ ਹੋਈਆਂ ਹਨ। ਕਿਸੇ ਵੀ ਸਭਿਅਕ ਸਮਾਜ ਅੰਦਰ ਇਸ ਤਰ੍ਹਾਂ ਦੀਆਂ ਗਰੀਬੀ ਨਾਲ ਹੋ ਰਹੀਆਂ ਲੱਖਾਂ ਦੀ ਗਿਣਤੀ 'ਚ ਮੌਤਾਂ ਜੋ ਤੰਗੀਆਂ ਤਰੁਸ਼ੀਆਂ ਵਿੱਚ ਆਪਦਾ ਜੀਵਨ ਬਤੀਤ ਕਰਦੇ ਹਨ, ਦੇ ਸੰਕੇਤ ਦੇਸ਼ ਲਈ ਅਤੇ ਦੁਨੀਆਂ ਲਈ ਵੀ ਠੀਕ ਨਹੀਂ ਤੇ ਨਾ ਹੀ ਸੋਭਦੇ ਹਨ। ''ਨਿਤਸ਼ ਸ਼ਾਸਤਰੀ ਪੀਟਰ ਸਿੰਗ'' ਨੇ ਆਪਣੇ ਲੇਖ ''ਫੈਸਿਨ ਅਫੂਲੂਏਨਸ਼ ਐਂਡ ਮਾਰਲਟੀ'' ਵਿੱਚ ਲਿਖਦੇ ਹਨ, ''ਕਿ ਉਹ ਇਕ ਮਹਾਨ ਰਾਸ਼ਟਰ ਜਾਂ ਕਿਸੇ ਇਕ ਵਿਅਕਤੀ ਦਾ ਇਹ ਫਰਜ਼ ਹੈ, ਕਿ ਉਹ ਗਰੀਬ, ਕਮਜ਼ੋਰ ਵਿਅਕਤੀ ਜਾਂ ਰਾਸ਼ਟਰ ਦੇਸ਼ ਦੀ ਮਦਦ ਕਰੇ। ਕਿਉਂ ਕਿ ਇਸ ਤਰ੍ਹਾਂ ਨਾ ਕਰਨਾ ਕੇਵਲ ਅਨੈਤਿਕਤਾ ਹੀ ਨਹੀਂ ? ਬਲਕਿ ਮਨੁੱਖਤਾ ਦਾ ਮਨੁੱਖਤਾ ਦੇ ਵਿਰੁੱਧ ਅਪਰਾਧ ਹੈ '' ਵਿਸ਼ਵ ਮਹਾਂ-ਮਾਰੀਆਂ ਤੋਂ ਪੈਦਾ ਹੋਈਆਂ ਇਹੋ ਜਿਹੀਆਂ ਭਿਅੰਕਰ ਬੀਮਾਰੀਆਂ ਵਿੱਚ ਸਭ ਤੋਂ ਪਹਿਲਾਂ ਮਨੁੱਖਤਾ ਅਤੇ ਗਰੀਬ ਲੋਕਾਂ ਨੂੰ ਬਚਾਉਣਾ ਜਰੂਰੀ ਹੁੰਦਾ ਹੈ। ਰਾਜ-ਸਤਾ ਤੇ ਬੈਠੀਆਂ ਸਰਕਾਰਾਂ ਦਾ ਫਰਜ਼ ਹੁੰਦਾ ਹੈ, ਕਿ ਉਹ ਆਪਣੇ ਫ਼ਰਜ਼ਾਂ ਦੀ ਪਾਲਣਾ ਕਰੇ।''

''ਮਸ਼ਹੂਰ ਮੈਡੀਕਲ ਮੈਗਜ਼ੀਨ ਦ ਲੈਂਸਟ'' ਦੀ ਸੰਪਾਦਕੀ 'ਚ ਕਰੋਨਾ ਮਹਾਂਮਾਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਸੰਪਾਦਕੀ 'ਚ ਕਿਹਾ ਗਿਆ ਹੈ, ''ਕਿ ਹਸਪਤਾਲ ਮਰੀਜਾਂ ਨਾਲ ਭਰੇ ਪਏ ਹਨ। ਆਕਸੀਜਨ ਦੀ ਭਾਰੀ ਕਮੀ ਹੈ ਤੇ ਸ਼ੋਸ਼ਲ ਮੀਡੀਆ ਤੇ ਲੋਕ ਤੇ ਡਾਕਟਰ ਮੈਡੀਕਲ ਆਕਸੀਜਨ, ਹਸਪਤਾਲਾਂ ਦੇ ਬੈਡ ਤੇ ਦੂਜੀਆਂ ਹੋਰ ਜ਼ਰੂਰਤਾਂ ਲਈ ਗੁਹਾਰ ਲਗਾ ਰਹੇ ਹਨ। ਪਰ ! ਇਸ ਮੁਸ਼ਕਿਲ ਸਮੇਂ 'ਚ ਉਨ੍ਹਾਂ ਮਦਦ ਤੇ ਉਕਤ ਹਾਲਾਤ ਲਈ ਜ਼ਿੰਮੇਵਾਰੀ ਲੈਣ ਵਾਲਾ ਕੋਈ ਨਹੀ ਹੈ। 'ਦ ਲੈਂਸਟ' ਅਨੁਸਾਰ ਅਜਿਹੇ ਮੁਸ਼ਕਿਲ ਸਮੇਂ 'ਚ ਮੋਦੀ ਦੀ ਸ਼ੋਸ਼ਲ ਮੀਡੀਆ ਤੇ ਆਪਣੀ ਆਲੋਚਨਾ ਤੇ ਖੁਲ੍ਹੀ ਚਰਚਾ ਨੂੰ ਦਬਾਉਣ ਦੀ ਕੋਸ਼ਿਸ਼ ਮੁਆਫੀ ਦੇ ਯੋਗ ਨਹੀਂ ਹੈ। 'ਤਨਜ ਕਸਦਿਆਂ ਕਿਹਾ ਗਿਆ ਹੈ, ਕਿ ਲੱਗ ਰਿਹਾ ਹੈ ਕਿ, ਮੋਦੀ ਸਰਕਾਰ ਦਾ ਧਿਆਨ ਟਵਿਟਰ ਤੇ ਆਪਣੀ ਆਲੋਚਨਾ ਨੂੰ ਹਟਾਉਣ ਤੇ ਜਿਆਦਾ ਅਤੇ ਮਹਾਂਮਾਰੀ ਨੂੰ ਕਾਬੂ ਕਰਨ 'ਤੇ ਘੱਟ ਸੀ ? ਸੰਪਾਦਕੀ ਵਿੱਚ ਕਿਹਾ ਗਿਆ ਕਿ ਕਰੋਨਾ ਖਿਲਾਫ਼ ਸ਼ੁਰੂਆਤੀ ਸਫ਼ਲਤਾ ਤੋਂ ਬਾਦ ਸਰਕਾਰ ਦੀ 'ਟਾਸਕ ਫੋਰਸ' ਦੀ ਮੀਟਿੰਗ ਅਪ੍ਰੈਲ ਤੱਕ ਇਕ ਵਾਰ ਵੀ ਨਹੀਂ ਹੋਈ ਤੇ ਇਸ ਸਭ ਦਾ ਨਤੀਜਾ ਸਾਡੇ ਸਾਹਮਣੇ ਹੈ। 'ਦ ਲੈਂਸਟ' ਨੇ ਲਿਖਿਆ ਕਿ ਕੁਝ ਰਾਜਾਂ ਨੇ ਬੈਡ ਅਤੇ ਆਕਸੀਜਨ ਲਈ ਗੁਹਾਰ ਲਗਾ ਰਹੇ ਲੋਕਾਂ ਖਿਲਾਫ਼ ਦੇਸ਼ ਦੀ ਸੁਰੱਖਿਅ ਨਾਲ ਜੁੜੇ ਕਾਨੂੰਨਾਂ ਦੀ ਵਰਤੋਂ ਕੀਤੀ।''

ਦੇਸ਼ ਭਰ ਵਿੱਚ ਸਿਹਤ-ਸੇਵਾਵਾਂ ਦੀ ਦਸ਼ਾ ਦਿਨ ਪ੍ਰਤੀ ਦਿਨ ਇਸ ਲਈ ਖਰਾਬ ਹੁੰਦੀ ਜਾ ਰਹੀ ਹੈ, ਕਿ ਹਾਕਮ ਉਨ੍ਹਾਂ ਪ੍ਰਤੀ ਗੰਭੀਰ ਨਹੀਂ ਹਨ। ਭਾਂਵੇ ! ਸਿਹਤ ਸੇਵਾਵਾਂ ਸਬੰਧੀ ਹਰ ਸਾਲ ਖਰਚਿਆਂ ਦਾ ਅੰਕੜਾ ਤਾਂ ਜਾਰੀ ਕੀਤਾ ਜਾਂਦਾ ਹੈ, ਜੋ ਪ੍ਰਤੀ ਵਿਅਕਤੀ ਗਰੀਬ ਦੇਸ਼ਾਂ ਤੋਂ ਵੀ ਬਹੁਤ ਥੋੜ੍ਹਾ ਹੈ। ਕਿਉਂਕਿ ਦੇਸ਼ ਦੀ ਵੱਡੀ ਗਿਣਤੀ 'ਚ ਲੋਕ ਸਰਕਾਰੀ ਹਸਪਤਾਲਾਂ ਤੇ ਨਿਰਭਰ ਹਨ, ਇਲਾਜ ਵਿਹੁਣੇ ਰਹਿ ਜਾਂਦੇ ਹਨ। ਸਰਕਾਰੀ ਸਿਹਤ ਸੇਵਾਵਾਂ 'ਚ ਹਰ ਤਰ੍ਹਾਂ ਦੇ ਸੁਧਾਰ-ਸਹੂਲਤਾਂ ਅਤੇ ਆਧੁਨਿਕਤਾ ਤੋਂ ਬਿਨਾਂ ਸਰਕਾਰ ਦੀ ਕਾਰਗੁਜ਼ਾਰੀ ਲੋਕਾਂ ਲਈ ਕਲਿਆਣਕਾਰੀ ਨਹੀਂ ਕਹੀ ਜਾ ਸਕਦੀ ਹੈ। ਇਸ ਲਈ ਲੋਕ ਵਾਇਰਸ ਤੋਂ ਨਹੀਂ ? ਸਗੋਂ ਤੇ ਉਹ ਸਭ ਤੋਂ ਮਾੜੀ ਢਿੱਡ ਦੀ ਭੁੱਖ ਤੋਂ ਡਰਦੇ ਹਨ। ਗਰੀਬੀ ਨਾਲ ਲੜਨਾ, ਬਿਨਾਂ ਇਲਾਜ ਮਰਨਾ, ਇਹ ਵਾਇਰਸ ਤੋਂ ਵੀ ਮਾੜਾ ਹੈ।

-ਰਾਜਿੰਦਰ ਕੌਰ ਚੋਹਕਾ
91-98725-44738
001-403-285-4208

# ਦਰਜਾ ਚਾਰ ਮੁਲਾਜ਼ਮ- ਸਰਕਾਰੀ ਅਦਾਰੇ ਦੀ ਜਾਨ

ਪਿਛਲੇ ਕਈ ਸਾਲਾਂ ਤੋਂ ਪੰਜਾਬ ਚ ਦਰਜਾ ਚਾਰ ਕਰਮਚਾਰੀਆਂ ਦੀ ਭਰਤੀ ਤੇ ਵੱਡਾ ਗ੍ਰਹਿਣ ਲੱਗਾ ਹੋਇਆ ਏ। ਜਿਸ ਕਾਰਣ ਲਗਭਗ ਸਾਰੇ ਈ ਸਰਕਾਰੀ ਅਦਾਰਿਆਂ ਚ, ਚਪੜਾਸੀ, ਸਫਾਈ ਸੇਵਕ ਜਾਂ ਚੌਕੀਦਾਰ ਦੇ ਤੋਰ ਤੇ ਸਥਾਨਕ ਕਾਮਿਆਂ ਨੂੰ, ਬਹੁਤ ਈ ਘੱਟ ਉਜ਼ਰਤਾਂ ਤੇ ਸੰਬੰਧਤ ਮਹਿਕਮਿਆਂ ਦੇ ਮੁਲਾਜ਼ਮਾਂ ਵੱਲੋਂ ਈ ਆਪਣੇ ਪੱਧਰ ਤੇ ਆਰਜੀ ਨਿਯੁਕਤ ਕੀਤਾ ਹੋਇਆ ਏ। ਬਹੁਤ ਈ ਨਮੋਸ਼ੀ ਨਾਲ ਕਹਿਣਾ ਪੈ ਰਿਹਾ ਏ ਕਿ ਜਿਆਦਾਤਰ ਸਰਕਾਰੀ ਅਦਾਰਿਆਂ ਚ ਸਫਾਈ ਸੇਵਕ ਤੇ ਚਪੜਾਸੀ ਦਾ ਕੋਈ ਵੀ ਪ੍ਰਬੰਧ ਨਹੀਂ ਹੈ ਤੇ ਉੱਚ ਅਫਸਰਾਂ ਵੱਲੋਂ ਚੈਕਿੰਗ ਸਮੇਂ ਸੰਬੰਧਤ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਸਫਾਈ ਤੇ ਹੋਰ ਦਰਜਾ ਚਾਰ ਸੰਬੰਧੀ ਵਿਵਸਥਾ ਲਈ ਹੀ ਤਾੜਿਆ ਜਾਂਦਾ ਏ। ਸਰਕਾਰੀ ਵਿਭਾਗ ਦਾ ਕੋਈ ਵੀ ਕੰਮਕਾਜ ਨੇਪਰੇ ਚਾੜ੍ਹਨ ਲਈ, ਸਰਕਾਰੀ ਸੰਪਤੀ ਦੀ ਸਾਂਭ-ਸੰਭਾਲ ਲਈ, ਦਰਜਾ ਚਾਰ ਸਭ ਤੋਂ ਮਹੱਤਵਪੂਰਨ ਕੜੀ ਏ। ਰੋਜਾਨਾ ਅਖਬਾਰ ਸਰਕਾਰੀ ਸੰਪਤੀ ਦੀ ਹੋ ਰਹੀ ਸ਼ਰੇਆਮ ਚੋਰੀਆਂ ਨਾਲ ਭਰੇ ਆ ਰਹੇ ਨੇਂ , ਪਰ ਸਰਕਾਰ ਦਾ ਧਿਆਨ ਇਸ ਪਾਸੇ ਵੱਲ ਉੱਕਾ ਈ ਨਹੀਂ ਪ੍ਰਤੀਤ ਹੋ ਰਿਹਾ ਏ। ਪੰਜਾਬ ਵਿੱਚ ਵੀ ਪੂਰੇ ਦੇਸ਼ ਵਾਂਗ ਬੇਰੁਜ਼ਗਾਰੀ, ਪੂਰੀ ਤਰਾਂ ਨਾਲ ਪੈਰ ਪਸਾਰ ਚੁੱਕੀ ਏ। ਸਾਡੇ ਸੂਬੇ ਵਿੱਚ ਵੱਧਦੀ ਨਸ਼ਾਖੋਰੀ ਤੇ ਅਪਰਾਧ ਦਾ ਸਭ ਤੋਂ ਵੱਡਾ ਮੂਲ ਕਾਰਣ, ਬੇਰੁਜ਼ਗਾਰੀ ਹੀ ਏ, ਪਰ ਸਰਕਾਰਾਂ ਚੁੱਪ-ਚਪੀਤੇ ਜਿਆਦਾਤਰ ਦਰਜਾ ਚਾਰ ਦੀਆਂ ਅਸਾਮੀਆਂ ਨੂੰ ਸੰਬੰਧਤ ਮੁਲਾਜ਼ਮ ਦੀ ਰਿਟਾਇਰਮੈਂਟ ਦੇ ਨਾਲ ਈ ਖਤਮ ਕਰਨ ਦੀ ਅਨੈਤਿਕ ਤੇ ਖਤਰਨਾਕ ਚਾਲਾਂ ਚੱਲ ਰਹੀ ਹੈ। ਜੇਕਰ ਸਾਡੇ ਸੂਬੇ ਦੇ ਸਾਰੇ ਸਰਕਾਰੀ ਅਦਾਰਿਆਂ ਚ ਸਾਰੀਆਂ ਖਾਲੀ ਅਸਾਮੀਆਂ ਤੇ ਦਰਜਾ ਚਾਰ ਮੁਲਾਜ਼ਮ ਭਰਤੀ ਕਰ ਦਿੱਤੇ ਜਾਣ ਤਾਂ ਜਿੱਥੇ ਸਰਕਾਰੀ ਕੰਮਕਾਜ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਚੱਲੇਗਾ, ਉੱਥੇ ਹੀ ਵੱਡੇ ਪੱਧਰ ਤੇ ਬੇਰੁਜ਼ਗਾਰੀ ਨੂੰ ਠੱਲ੍ਹ ਪੈ ਸਕਦੀ ਹੈ।

ਦਰਜਾ ਚਾਰ- ਤੁਰੰਤ ਭਰਤੀ ਕਰੇ ਸਰਕਾਰ

ਸਰਕਾਰੀ ਅਦਾਰਿਆਂ ਚ ਜੇਕਰ ਪੱਕੇ ਦਰਜਾ ਚਾਰ ਮੁਲਾਜ਼ਮ ਨਿਯੁਕਤ ਹੋਣਗੇ ਤਾਂ ਇੰਨਾਂ ਅਦਾਰਿਆਂ ਚ ਚੱਲ ਰਹੀ ਭ੍ਰਿਸ਼ਟਾਚਾਰ ਦੀ ਹਨੇਰੀ ਵੀ ਜਰੂਰ ਮੱਧਮ ਪਵੇਗੀ। ਜਿਸ ਮੁਲਾਜ਼ਮ ਨੂੰ ਪੂਰੀ ਉਜਰਤ ਈ ਨਹੀਂ ਮਿਲੇਗੀ, ਉਹ ਆਪਣਾ ਘਰ ਚਲਾਉਣ ਹਿੱਤ ਜਦੋਂ ਨੈਤਿਕ-ਅਨੈਤਿਕ ਢੰਗਾਂ ਨਾਲ ਪੈਸੇ ਕਮਾਉਣ ਲਈ ਹੱਥ ਪੈਰ ਮਾਰਦਾ ਏ ਤਾਂ ਸਿਰਫ ਉਹ ਆਪ ਈ ਭ੍ਰਿਸ਼ਟਾਚਾਰ ਨਹੀਂ ਕਰਦਾ, ਸਗੋਂ ਆਪ ਕਾਣਾ ਹੋਣ ਕਰਕੇ, ਬਾਕੀਆਂ ਦੇ ਕੀਤੇ ਭ੍ਰਿਸ਼ਟਾਚਾਰ ਤੇ ਪਰਦਾ ਪਾਉਣ ਦਾ ਸ਼ਰਮਨਾਕ ਕਾਰਾ ਵੀ ਅਕਸਰ ਕਰਦਾ ਹੈ। ਬਿਜਲੀ ਵਿਭਾਗ, ਕਚਿਹਰੀਆਂ ਤੇ ਪੰਜਾਬ ਦੇ ਜਿਆਦਾਤਾਰ ਪਟਵਾਰੀ ਵਰਗ ਵੱਲੋਂ ਤੇ ਹੋਰ ਵੱਖ-ਵੱਖ ਪਬਲਿਕ ਡੀਲਿੰਗ ਵਾਲੇ ਮਹਿਕਮਿਆਂ ਚ ਰੱਖੇ ਗਏ ਨਿੱਜੀ ਮੁਲਾਜ਼ਮ, ਇਸ ਭ੍ਰਿਸ਼ਟਾਚਾਰ ਦੇ ਪ੍ਰਤੱਖ ਤੇ ਜਿਉਂਦੇ-ਜਾਗਦੇ ਗਵਾਹ ਹਨ। ਸਕੂਲਾਂ , ਕਾਲਜਾਂ ਚ ਤ ਸਥਿਤੀ ਹੋਰ ਵੀ ਖਰਾਬ ਹੈ, ਪੰਜਾਬ ਦੇ ਕਿਸੇ ਵੀ ਮਿਡਲ ਸਕੂਲ ਚ, ਦਰਜਾ ਚਾਰ ਮੁਲਾਜ਼ਮ ਦਾ ਕੋਈ ਪ੍ਰਬੰਧ ਨਹੀਂ ਹੈ, ਜਿੱਥੇ ਸਫਾਈ ਵਿਵਸਥਾ ਰੱਬ ਆਸਰੇ ਈ ਚੱਲ ਰਹੀ ਏ, ਉੱਥੇ ਹੀ ਤੁਹਾਨੂੰ ਟੱਲੀਆਂ ਖੜਕਾਉਂਦੇ ਅਧਿਆਪਕ ਤੇ ਮਿਡ-ਡੇ-ਮੀਲ ਲਈ, ਚੱਕੀਆਂ ਤੇ ਪੀਹਣ ਸੁੱਟਦੇ ਵਿਦਿਆਰਥੀ, ਪਿੰਡ-ਪਿੰਡ ਨਜਰ ਆਉਣਗੇ। ਇਹੀ ਹਾਲ ਪ੍ਰਾਇਮਰੀ ਸਕੂਲਾਂ ਦਾ ਏ, ਜਦਕਿ ਵੱਡੇ ਪੱਧਰ ਤੇ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਚ ਵੀ ਦਰਜਾ ਚਾਰ ਮੁਲਾਜ਼ਮਾਂ ਦੀ ਘਾਟ ਏ, ਜਿਸ ਕਾਰਣ, ਮਜਬੂਰੀ ਚ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਦਰਜਾ ਚਾਰ ਦੇ ਸਾਰੇ ਕੰਮ ਕਰਨੇ ਪੈ ਰਹੇ ਹਨ, ਜਿਸ ਨਾਲ ਸਰਕਾਰੀ ਸਕੂਲੀ ਸਿੱਖਿਆ ਦਾ ਘਾਣ ਹੋ ਰਿਹਾ ਏ। ਸਰਕਾਰ ਤੇ ਅਧਿਆਪਕਾਂ ਦੇ ਆਪਣੇ ਪੱਧਰ ਤੇ ਕੀਤੇ ਸ਼ਾਨਦਾਰ ਯਤਨਾਂ ਨਾਲ, ਪੰਜਾਬ ਦੇ ਸਾਰੇ ਈ ਸਰਕਾਰੀ ਸਕੂਲਾਂ ਚ ਸ਼ਾਨਦਾਰ ਮਹਿੰਗੇ ਤਕਨੀਕੀ ਸਾਧਨ ਆ ਚੁੱਕੇ ਹਨ, ਪਰ ਚੌਕੀਦਾਰਾਂ ਦੀ ਘਾਟ ਕਾਰਨ ਰੋਜ਼ਾਨਾ ਈ ਸਕੂਲਾਂ ਚੋਂ ਲੱਖਾਂ ਰੁਪਏ ਦਾ ਇਹ ਸਾਮਾਨ ਚੋਰੀ ਹੋ ਰਿਹਾ ਹੈ। ਬੜੀ ਹੀ ਨਮੋਸ਼ੀ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਦੇ ਬਹੁਤ ਸਾਰੇ ਸਕੂਲਾਂ ਚ ਵਿਦਿਆਰਥੀ ਹੀ ਸਵੇਰੇ-ਸਵੇਰੇ ਸਕੂਲ ਦੀ ਸਫਾਈ ਦਾ ਕੰਮ ਨਿਬੇੜਦੇ ਹਨ, ਜਿਸ ਕਾਰਣ ਇਹ ਮਾਸੂਮ ਬੱਚੇ ਸਾ ਸਵੇਰੇ ਈ ਮਿੱਟੀ-ਘੱਟੇ ਚ ਲਿਬੜ ਜਾਂਦੇ ਨੇਂ, ਜੋ ਉਹਨਾਂ ਦੀ ਪੜ੍ਹਾਈ ਚ ਰੁਕਾਵਟ ਪੈਦਾ ਕਰਦਾ ਹੈ।

ਹਾਲਾਂਕਿ ਪਹਿਲਾਂ ਭਰਤੀ ਪੱਕੇ ਦਰਜਾ ਚਾਰ ਮੁਲਾਜ਼ਮਾਂ ਚੋਂ ਜਿਆਦ-ਾਤਰ ਬਹੁਤ ਹੀ ਮਿਹਨਤੀ ਤੇ ਇਮਾਨਦਾਰ ਹਨ ਪਰ ਇੰਨਾਂ ਵਿੱਚੋਂ ਕਈ ਮੁਲਾਜ਼ਮਾਂ ਦੀ ਲਾਪਰਵਾਹ ਤੇ ਕੰਮਚੋਰ ਪ੍ਰਵਿਰਤੀ ਦਾ ਜਿਕਰ ਕੀਤੇ ਬਿਨਾਂ ਵੀ ਆਹ ਲੇਖ ਅਧੂਰਾ ਰਹਿ ਜਾਵੇਗਾ। ਤੁਸੀਂ ਹੈਰਾਨ ਹੋ ਜਾਵੋਂਗੇ ਪੰਜਾਬ ਦੇ ਬਹੁਤ ਸਾਰੇ ਪੱਕੇ ਦਰਜਾ ਚਾਰ ਮੁਲਾਜ਼ਮਾਂ ਨੇਂ ਆਪਣੀ ਥਾਂ ਤੇ ਬਹੁਤ ਘੱਟ ਤਨਖਾਹ ਤੇ ਆਪ ਨਿਜੀ ਬੰਦੇ ਨਿਯੁਕਤ ਕਰ ਰੱਖੇ ਹਨ ਤੇ ਇਹ ਮਹਾਂਪੁਰਖ ਆਪ ਸਿਰਫ ਮਹੀਨੇ ਬਾਅਦ ਤਨਖਾਹ ਦਾ ਬਿਲ ਆਦਿ ਬਣਵਾਉਣ ਲਈ, ਸਾਬ੍ਹ ਬਣਕੇ ਸਰਕਾਰੀ ਅਦਾਰੇ ਦਾ ਗੇੜਾ ਮਾਰਦੇ ਹਨ, ਕਈ ਦਰਜਾ ਚਾਰ ਮੁਲਾਜ਼ਮ ਸਰਕਾਰੀ ਅਦਾਰੇ ਚ ਕੰਮ ਤਾਂ ਕੋਈ ਨ੍ਹੀਂ ਕਰਦੇ ਪਰ ਆਪਣੀ ਯੂਨੀਅਨ ਦੀ ਠੁੱਕ ਚ, ਅਧਿਕਾਰੀਆਂ ਨੂੰ ਡਰਾ ਕੇ ਆਪ ਫਰਲੋ ਤੇ ਰਹਿੰਦੇ ਐਸ਼ਪਰਸਤੀ ਕਰਦੇ ਹਨ, ਇੰਨਾਂ ਕਾਰਣਾਂ ਕਰਕੇ ਇਹ ਕੁਝ-ਕੁ ਅਨਸਰ, ਸਮਾਜ ਚ ਦਰਜਾ ਚਾਰ ਮੁਲਾਜ਼ਮਾਂ ਦੀ ਪਵਿੱਤਰ ਸ਼ਖਸੀਅਤ ਨੂੰ ਦਾਗੀ ਕਰਦੇ ਹਨ। ਕੋਈ ਵੀ ਅਦਾਰਾ ਮੇਰੇ ਇੰਨਾਂ ਸਾਥੀਆਂ ਤੋਂ ਬਿਨਾਂ ਚੱਲ ਨ੍ਹੀਂ ਨਹੀਂ ਸਕਦਾ, ਪਰ ਦਰਜਾ ਚਾਰ ਦਾ ਸਖਤ ਮਿਹਨਤ ਦਾ ਕਾਰਜ ਕਰਨ ਵਾਲੇ ਇੰਨਾਂ ਸਾਥੀਆਂ ਨੂੰ ਵੀ ਨੈਤਿਕਤਾ ਨਾਲ ਆਪਣੀ ਪੱਕੀ ਨੌਕਰੀ ਤੇ ਦਿਲ ਲਗਾ ਕੇ ਸੇਵਾ ਨਿਭਾਉਣੀ ਚਾਹੀਦੀ ਏ।

ਸਫਾਈ ਸੇਵਕਾਂ ਤੇ ਹੋਰ ਦਰਜਾ ਚਾਰ ਮੁਲਾਜ਼ਮਾਂ ਦਾ ਕਾਰਜ ਬਹੁਤ ਹੀ ਔਖਾ, ਗੁੰਝਲਦਾਰ ਤੇ ਜਿੰਮੇਵਾਰੀ ਭਰਪੂਰ ਏ ਸੋ ਸਰਕਾਰ ਨੂੰ ਜਲਦੀ ਤੋਂ ਜਲਦੀ ਇਸ ਮੁੱਦੇ ਤੇ ਧਿਆਨ ਦਿੰਦੇ ਹੋਏ, ਸਾਰੇ ਹੀ ਮਹਿਕਮਿਆਂ ਚ ਤੁਰੰਤ ਦਰਜਾ ਚਾਰ ਦੀ ਪੱਕੀ ਭਰਤੀ ਕਰਨੀ ਚਾਹੀਦੀ ਹੈ। ਹਰੇਕ ਮਹਿਕਮਾ ਦਾ ਕੰਮਕਾਜ ਨੀਚੇ ਤੋਂ ਈ ਉੱਪਰ ਵੱਲ ਨੂੰ ਜਾਂਦਾ ਏ, ਸਭ ਤੋਂ ਨਿਚਲੇ ਪਾਯਦਾਨ ਤੇ ਬੈਠੇ ਮੁਲਾਜ਼ਮ ਨੂੰ ਈ ਜੇਕਰ ਆਪਣੇ ਉੱਚਿਤ ਤੇ ਪੱਕੇ ਰੁਜ਼ਗਾਰ ਦੀ ਚਿੰਤਾ ਰਹੇਗੀ ਤਾਂ ਇਹ ਸੰਬੰਧਤ ਮਹਿਕਮੇ ਦੇ ਕੰਮ ਨੂੰ ਜਰੂਰ ਪ੍ਰਭਾਵਿਤ ਕਰੇਗੀ। ਪੰਜਾਬ ਸਰਕਾਰ ਤੇ ਮੁੱਖ ਮੰਤਰੀ ਜੀ ਤੋਂ ਮੈਂ ਆਸ ਕਰਦਾ ਹਾਂ ਕਿ ਇਹ ਬਹੁਤ ਹੀ ਅਹਿਮ ਮਸਲਾ ਉਹ ਜਰੂਰ ਹੱਲ ਕਰਨਗੇ ਤੇ ਇਸ ਵਿੱਚ ਭੋਰਾ ਵੀ ਸ਼ੱਕ ਨਹੀਂ ਏ ਕਿ ਵੱਡੇ ਪੱਧਰ ਤੇ ਪੱਕੇ ਦਰਜਾ ਚਾਰ ਮੁਲਾਜ਼ਮਾਂ ਦੀ ਭਰਤੀ ਕਰਨ ਨਾਲ, ਸੱਚੀ ਹੀ ਘਰ-ਘਰ ਵਿੱਚ ਗੱਲ ਚੱਲੇਗੀ ਕਿ ਪੰਜਾਬ ਸਰਕਾਰ ਵਾਕਈ ਮਸਲੇ ਹੱਲ ਕਰਦੀ ਏ।

*-ਅਸ਼ੋਕ ਸੋਨੀ, ਕਾਲਮਨਵੀਸ*
*ਖੂਈ ਖੇੜਾ, ਫਾਜ਼ਿਲਕਾ*
*9872705078*

# ਕਿਸਾਨੀ ਸੰਘਰਸ਼ ਨੇ ਕਾਇਮ ਕੀਤੇ ਨਵੇਂ ਦਿਸਹੱਦੇ



ਕਿਸਾਨੀ ਸੰਘਰਸ਼ ਸ਼ੁਰੂ ਹੋਏ ਨੂੰ ਸਾਲ ਤੋਂ ਵੀ ਉਪਰ ਦਾ ਸਮਾਂ ਹੋ ਗਿਆ ਹੈ ਤੇ ਦਿੱਲੀ ਵਿਚ ਬੈਠੇ ਹੋਏ ਕਿਸਾਨਾਂ ਨੂੰ ਵੀ ਲਗਭਗ ਇੱਕ ਸਾਲ ਪੂਰਾ ਹੋਣ ਵਾਲਾ ਹੈ। ਜਦੋਂ ਤੋਂ ਸੰਘਰਸ਼ ਸ਼ੁਰੂ ਹੋਇਆ ਇਹ ਹਮੇਸ਼ਾਂ ਖਬਰਾਂ ਵਿੱਚ ਹੀ ਬਣਿਆ ਰਿਹਾ। ਇਸ ਨੂੰ ਤਾਰਪੀਡੋ ਕਰਨ ਤੇ ਖਿੰਡਾਉਣ ਦੀਆਂ ਵੀ ਅਨੇਕ ਕੋਸ਼ਿਸ਼ਾਂ ਹੋਈਆਂ। ਪਰ ਕਿਸਾਨਾਂ ਦੀ ਏਕਤਾ ਤੇ ਸੂਝ ਬੂਝ ਨੇ ਸਭ ਫੇਲ ਕਰ ਦਿੱਤੀਆਂ । ਕਿਸਾਨਾਂ ਨੇ ਪੂਰੀ ਦੁਨੀਆ ਨੂੰ ਦਿਖਾ ਦਿੱਤਾ ਹੈ ਜੋ ਸਿਰਫ਼ ਅੰਨ ਦੇ ਦਾਤੇ ਹੀ ਨਹੀਂ ਸਗੋਂ ਸੰਘਰਸ਼ਾਂ ਦੇ ਵੀ ਸ਼ਾਹ ਸਵਾਰ ਨੇ। ਜਦੋਂ ਵੀ ਦੇਸ਼ ਤੇ ਭੀੜ ਪੈਂਦੀ ਹੈ ਤਾਂ ਇਹਨਾਂ ਕਿਸਾਨਾਂ ਦੇ ਬੱਚੇ ਹੀ ਬਾਡਰਾਂ ਤੇ ਜਾ ਕੇ ਆਪਣਾ ਖੂਨ ਡੋਲਦੇ ਨੇ। ਇਸ ਸੰਘਰਸ਼ ਦੇ ਦੌਰਾਨ ਲਗਾਤਾਰ ਲੰਗਰ ਚਲਦੇ ਰਹੇ ਤੇ ਕੋਈ ਵੀ ਕਿਸੇ ਵੀ ਜਾਤ ਪਾਤ ਦੇ ਭੇਦ ਭਾਵ ਤੋਂ ਬਗੈਰ ਇਥੋਂ ਆਪਣਾ ਪੇਟ ਭਰਕੇ ਜਾਂਦਾ ਰਿਹਾ। ਇਥੋਂ ਦੇ ਝੁੱਗੀ ਝੌਂਪੜੀ ਵਾਲਿਆਂ ਨੂੰ ਇਹ ਸੰਘਰਸ਼ ਆਪਣੀ ਪੂਰੀ ਜ਼ਿੰਦਗੀ ਯਾਦ ਰਹਿਣ ਵਾਲਾ ਹੈ। ਕਿਉਂਕਿ ਇਹ ਇਕ ਸਾਲ ਦੇ ਦੌਰਾਨ ਉਨ੍ਹਾਂ ਨੇ ਕਦੇ ਵੀ ਰੋਟੀ ਦੀ ਘਾਟ ਮਹਿਸੂਸ ਨਹੀਂ ਕੀਤੀ ਹੋਣੀ। ਹਰ ਗਰੀਬ ਗੁਰਬੇ ਦਾ ਇਥੋਂ ਪੇਟ ਭਰਿਆ ਹੈ। ਇੱਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਇਸ ਮੋਰਚੇ ਤੇ ਘਟੀਆ ਬਿਆਨਬਾਜ਼ੀ ਹੋ ਰਹੀ ਸੀ। ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਸਨ। ਡਰ ਲਗਦਾ ਸੀ ਕਿ ਕਿਧਰੇ ਇਹ ਮੋਰਚਾ ਰਾਜਨੀਤੀ ਦੀ ਭੇਟ ਨਾ ਚੜ੍ਹ ਜਾਵੇ। ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਕਿਸਾਨਾਂ ਦੇ ਏਕੇ ਤੇ ਸੂਝ ਬੂਝ ਨੇ ਸੰਘਰਸ਼ ਦੀ ਦਿਸ਼ਾ ਤੇ ਦਸ਼ਾ ਬਿਲਕੁਲ ਖਰਾਬ ਨਹੀਂ ਹੋਣ ਦਿੱਤੀ। ਇਸਤੋਂ ਸਾਡੇ ਬਜ਼ੁਰਗਾਂ ਦੀ ਪ੍ਰਚੰਡ ਸੂਝ ਬੂਝ ਸਾਹਮਣੇ ਆਈ।

ਹੁਣ ਜਦੋਂ ਇਸ ਮੋਰਚੇ ਨੂੰ ਫਤਿਹ ਕਰ ਲਿਆ ਹੈ ਤਾਂ ਨਵੀਆਂ ਨਸਲਾਂ ਲਈ ਇਹ ਬਹੁਤ ਵੱਡਾ ਪ੍ਰੇਰਨਾਸ੍ਰੋਤ ਬਣ ਗਿਆ ਹੈ ਕਿ ਕਿਸ ਤਰ੍ਹਾਂ ਸ਼ਾਂਤਮਈ ਤਰੀਕੇ ਨਾਲ ਵੀ ਆਪਣੇ ਹੱਕ ਹਾਸਿਲ ਕੀਤੇ ਜਾ ਸਕਦੇ ਹਨ। ਬਿਨਾਂ ਕੁਝ ਕੀਤੇ ਬੈਠੇ ਰਹਿੰਦੇ ਤਾਂ ਆਪਣੀਆਂ ਜ਼ਮੀਨਾਂ ਗਵਾ ਲੈਂਦੇ। ਇਸ ਸੰਘਰਸ਼ ਨੇ ਇਹ ਵੀ ਸਾਬਿਤ ਕਰ ਦਿੱਤਾ ਕਿ ਸਾਡੀਆਂ ਰਗਾਂ ਅੰਦਰ ਕਿਹੜਾ ਖੂਨ ਦੌੜਦਾ ਹੈ। ਕਹਿਰ ਦੀ ਗਰਮੀ,ਸਰਦੀ ,ਬਾਰਿਸ਼ ਆਪਣੇ ਪਿੰਡੇ ਤੇ ਹੰਡਾ ਰਹੇ ਬਜ਼ੁਰਗ ਅੱਜ ਸਾਡੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਵਜੋਂ ਸਥਾਪਿਤ ਹੋ ਗਏ ਹਨ। ਨੇਤਾਵਾਂ ਦੇ ਕੰਨ ਹੋ ਗਏ ਹਨ ਕਿ ਅੱਗੇ ਤੋਂ ਕੋਈ ਵੀ ਬੇਹੂਦਾ ਕਾਨੂੰਨ ਬਣਾਉਣ ਬਾਰੇ ਸੋਚਣ ਤੋਂ ਡਰ ਗਏ ਹਨ। ਕੋਈ ਵੀ ਆਕੇ ਸਾਡੇ ਉੱਪਰ ਆਪਣੇ ਕਾਨੂੰਨ ਨਹੀਂ ਥੋਪ ਸਕੇਗਾ। ਅੱਗੇ ਤੋਂ ਕੋਈ ਵੀ ਸਰਕਾਰ ਅਜਿਹੇ ਬਿਲ ਲਿਆਉਣ ਤੇ ਚੁੱਪ ਚੁਪੀਤੇ ਪਾਸ ਕਰਨ ਦੀ ਜੁਅਰਤ ਨਹੀਂ ਕਰ ਸਕਦੀ। ਕੁੱਲ ਮਿਲਾ ਕੇ ਇਸ ਸੰਘਰਸ਼ ਨੇ ਸੁੱਤੇ ਹੋਇਆਂ ਨੂੰ ਜਗਾਉਣ ਦਾ ਕੰਮ ਕੀਤਾ ਹੈ। ਸਚਮੁੱਚ ਕਿਰਤੀ ਕਿਸਾਨਾਂ ਦੀ ਹੁਣ ਜਾਗੋ ਆਈ ਹੈ।

*-ਰਾਜਨਦੀਪ ਕੌਰ ਮਾਨ*
*6239326166*

## ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ

*ਛੁਪਿਆ ਸਿਤਾਰਾ ਚਮਕਦਾ ,*
*ਇਹ ਚੰਦਰਾ ਸੁਨੇਹਾ ਬੇ-ਵਕਤ ਆ ਗਿਆ।*
*ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,*
*ਹਰ ਇੱਕ ਦੀ ਅੱਖ ਵਿੱਚ ਹੰਝੂ ਆ ਗਿਆ।*
*ਪੰਜਾਬੀ ਸਾਹਿਤ ਜਗਤ ਨੂੰ ,*
*ਇੱਕ ਘਾਟਾ ਹੋਰ ਖਾ ਗਿਆ।*
*ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,*
*ਹਰ ਇੱਕ ਦੀ ਅੱਖ ਵਿੱਚ ਹੰਝੂ ਆ ਗਿਆ।*
*ਚੁੱਪ-ਚਾਪ ਪੰਛੀ ਵੀ ਘਰਾਂ ਨੂੰ ਪਰਤਣ ,ਜਦੋਂ ਚਾਰੇ-ਪਾਸੇ*
*ਉਦਾਸੀ ਦਾ ਬੱਦਲ ਛਾ ਗਿਆ।*
*ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,*
*ਹਰ ਇੱਕ ਦੀ ਅੱਖ ਵਿੱਚ ਹੰਝੂ ਆ ਗਿਆ।*
*ਮਾਣਦਾ ਰਿਹਾ ਆਨੰਦ ਜੋ ਉੱਚੀ ਹੇਕ ਦਾ ,*
*ਤੁਰ ਜਾਣ ਦਾ ਸਦਮਾ ਦਿਲ ਨੂੰ ਖਾ ਗਿਆ।*
*ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,*
*ਹਰ ਇੱਕ ਦੀ ਅੱਖ ਵਿੱਚ ਹੰਝੂ ਆ ਗਿਆ।*
*ਕਿੱਥੋਂ ਲੱਭਾਂਗੇ ਤੇਰੇ ਮਿੱਠੜੇ ਬੋਲ ,*
*ਅਮਰ ਰਹਿਣਗੇ ਗੀਤ ਮਾਹੀਏ ਢੋਲ,*
*ਗਗਨ ਦੀ ਕਲਮ ਨੂੰ ਵਿਛੋੜਾ ਤੇਰਾ ਰਵਾ ਗਿਆ।*
*ਗੁਰਮੀਤ ਬਾਵਾ ਦੇ ਤੁਰ ਜਾਣ ਤੋਂ ਬਾਅਦ ,*
*ਹਰ ਇੱਕ ਦੀ ਅੱਖ ਵਿੱਚ ਹੰਝੂ ਆ ਗਿਆ।*

*-ਗਗਨਦੀਪ ਧਾਲੀਵਾਲ*



ਐਕਸੀਡੈਂਟ ਟ੍ਰਿਬਿਊਨਲ ਦਾ ਫੈਸਲਾ:

# ਆਈ ਟੀ ਬੀ ਪੀ ਕਾਂਸਟੇਬਲ ਦੇ ਵਾਰਸਾਂ ਨੂੰ 88 ਲੱਖ ਰੁਪਏ ਮੁਆਵਜ਼ਾ ਮਿਲੇਗਾ

ਚੰਡੀਗੜ੍ਹ, 22 ਨਵੰਬਰ (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ ਮੁੱਲਾਂਪੁਰ ਗਰੀਬਦਾਸ ਬਾਈਪਾਸ ਨੇੜੇ ਇੱਕ 29 ਸਾਲਾ ਨੌਜਵਾਨ ਦੀ ਹਾਦਸੇ ਵਿੱਚ ਮੌਤ ਹੋ ਗਈ ਸੀ। ਉਸ ਦੇ ਪਰਵਾਰ ਨੂੰ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਚੰਡੀਗੜ੍ਹ ਨੇ 88 ਲੱਖ ਰੁਪਏ ਦਾ ਮੁਆਵਜ਼ਾ ਦਿੱਤੇ ਜਾਣ ਦਾ ਫੈਸਲਾ ਸੁਣਾਇਆ ਹੈ।

ਰਮਨ ਕੁਮਾਰ ਆਈ ਟੀ ਬੀ ਪੀ (ਇੰਡੋ ਤਿੱਬਤਨ ਬਾਰਡਰ ਪੁਲੀਸ) ਬਹਿਲਾਨਾ ਵਿੱਚ ਕਾਂਸਟੇਬਲ ਸੀ। ਉਸ ਦੇ ਪਰਵਾਰ ਨੇ ਅਗਸਤ 2017 ਵਿੱਚ ਕੇਸ ਕੀਤਾ ਸੀ। ਪੀੜਤ ਪਰਵਾਰ ਦਾ ਕੇਸ ਲੜਨ ਵਾਲੇ ਐਡਵੋਕੇਟ ਸੁਨੀਲ ਦੀਕਸ਼ਿਤ ਨੇ ਦੱਸਿਆ ਕਿ ਦੋ ਅਗਸਤ 2017 ਨੂੰ ਰਮਨ ਬਾਈਕ ਉਤੇ ਪਿੰਡ ਜਾ ਰਿਹਾ ਸੀ ਤਾਂਜਦੋਂ ਉਹ ਸੁਲਤਾਨਪੁਰ ਬਾਈਪਾਸ ਉੱਤੇ ਪਹੁੰਚਿਆ ਤਾਂ ਇੱਕ ਮਿੰਨੀ ਟਰੱਕ ਨੇ ਟੱਕਰ ਮਾਰ ਦਿੱਤੀ। ਦੋਸ਼ੀ ਡਰਾਈਵਰ ਗਲਤ ਸਾਈਡ ਉੱਤੇ ਸੀ ਤੇ ਉਹ ਤੇਜ਼ ਰਫਤਾਰ ਵਿੱਚ ਸੀ। ਟੱਕਰ ਲੱਗਦੇ ਸਾਰ ਰਮਨ ਜ਼ਮੀਨ ਉੱਤੇ ਡਿੱਗ ਗਿਆ ਅਤੇ ਸਿਰ ਉੱਤੇ ਗੰਭੀਰ ਸੱਟ ਲੱਗ ਗਈ। ਉਸ ਨੂੰ ਪੀ ਜੀ ਆਈ ਲਿਜਾਇਆ ਗਿਆ, ਪ੍ਰੰਤੂ ਉਥੇ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ। ਐਡਵੋਕੇਟ ਨੇ ਕਿਹਾ ਕਿ ਇਹ ਐਕਸੀਡੈਂਟ ਟਰੱਕ ਚਾਲਕ ਦੀ ਲਾਪਰਵਾਹੀ ਨਾਲ ਹੋਇਆ ਸੀ, ਜਿਸ ਕਾਰਨ ਪੁਲਸ ਨੇ ਉਸ ਉੱਤੇ ਕੇਸ ਦਰਜ ਕੀਤਾਸੀ। ਜਿਸ ਟਰੱਕ ਨਾਲ ਹਾਦਸਾ ਹੋਇਆ ਸੀ, ਉਸ ਨੂੰ ਸਾਰੰਗ-ਪੁਰ ਵਾਸੀ ਰਾਹੁਲ ਕੁਮਾਰ ਚਲਾ ਰਿਹਾ ਸੀ। ਰਮਨ ਦੀ ਉਮਰ 29 ਸਾਲ ਤੇ ਉਸ ਦੀ ਮਹੀਨੇ ਦੀ ਤਨਖਾਹ 47 ਹਜ਼ਾਰ ਰੁਪਏ ਸੀ। ਉਸ ਉੱਤੇ ਘਰ ਦੀ ਜ਼ਿੰਮੇਵਾਰੀ ਸੀ। ਉਸ ਦੇ ਦੋ ਬੇਟੇ ਹਨ,ਉਦੋਂ ਉਨ੍ਹਾਂ ਵਿੱਚੋਂ ਇੱਕ ਦੀ ਉਮਰ ਡੇਢ ਸਾਲ ਤੇ ਦੂਸਰੇ ਦੀ ਸਿਰਫ ਚਾਰ ਮਹੀਨੇ ਸੀ। ਪਰਵਾਰ ਨੇ ਕੋਰਟ ਤੋਂ ਡੇਢ ਕਰੋੜ ਰੁਪਏ ਮੁਆਵਜ਼ਾ ਦਿੱਤੇ ਜਾਣ ਦੀ ਮੰਗ ਕੀਤੀ। ਦੋਸ਼ੀ ਡਰਾਈਵਰ ਅਤੇ ਵਾਹਨ ਮਾਲਕ ਕੋਰਟ ਵਿੱਚ ਪੇਸ਼ ਨਹੀਂ ਹੋਏ, ਜਦ ਕਿ ਇੰਸ਼ੋਰੈਂਸ਼ ਕੰਪਨੀ ਦੇ ਵਕੀਲ ਪਹਿਲਾਂ ਕੋਰਟ ਵਿੱਚ ਪੇਸ਼ ਹੋਏ ਅਤੇ ਜਦੋਂ ਪੇਸ਼ ਹੋਏ ਤਾਂ ਉਨ੍ਹਾਂ ਨੇ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ, ਪਰ ਬਾਅਦ ਵਿੱਚ ਉਹ ਵੀ ਕੋਰਟ ਵਿੱਚ ਪੇਸ਼ ਨਹੀਂ ਹੋਏ। ਇਸ ਉੱਤੇ ਕੋਰਟ ਨੇ ਉਨ੍ਹਾਂ ਨੂੰ ਐਕਸ ਪਾਰਟੀ ਕਰਾਰ ਦਿੰਦੇ ਹੋਏ ਪੀੜਤ ਪਰਵਾਰ ਦੇ ਹੱਕ ਵਿੱਚ ਫੈਸਲਾ ਸੁਣਾ ਦਿੱਤਾ।

## ਨਵਜੋਤ ਸਿੰਘ ਸਿੱਧੂ ਨੇ ਕੇਂਦਰ ਸਰਕਾਰ ਦੀ ਨੀਤ ਉੱਤੇ ਸਵਾਲ ਚੁੱਕੇ




ਚੰਡੀਗੜ੍ਹ, 22 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ, ਇਸ ਬਾਰੇ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰ ਕੇ ਕੇਂਦਰ ਸਰਕਾਰ ਦੀ ਮਨਸ਼ਾ ਉੱਤੇ ਸਵਾਲ ਚੁੱਕੇ ਹਨ ਅਤੇ ਨਾਲ ਹੀ ਕਿਹਾ ਕਿ ਛੋਟੇ ਕਿਸਾਨਾਂ ਨੂੰ ਪੰਜਾਬ ਸਰਕਾਰ ਦੇ ਸਾਥ ਦੀ ਲੋੜ ਹੈ, ਤਾਂ ਕਿ ਉਹ ਕਿਸੇ ਵੀ ਕਿਸਮ ਦੀ ਮਾਰ ਤੋਂ ਬਚਿਆ ਰਹੇ।

ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰ ਕੇ ਕੇਂਦਰ ਸਰਕਾਰ ਨੂੰ ਨਿਸ਼ਾਨੇ ਉੱਤੇ ਲੈਂਦੇ ਹੋਏ ਕਿਹਾ ਹੈ ਕਿ ਅੱਜ ਅਸੀਂ ਕੇਂਦਰ ਦੇ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਆਪਣੀ ਜਿੱਤ ਉੱਤੇ ਖ਼ੁਸ਼ੀ ਮਨਾ ਰਹੇ ਹਾਂ, ਪਰ ਸਾਡਾ ਅਸਲ ਕੰਮ ਤਾਂ ਅਜੇ ਸ਼ੁਰੂ ਹੋਇਆ ਹੈ। ਸਿੱਧੂ ਨੇ ਕਿਹਾ ਕਿ ਕੇਂਦਰ ਵੱਲੋਂ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ(ਐਮ ਐਸ ਪੀ) ਨੂੰ ਖ਼ਤਮ ਕਰਨ, ਗ਼ਰੀਬਾਂ ਲਈ ਖੁਰਾਕ ਸੁਰੱਖਿਆ ਖ਼ਤਮ ਕਰਨ, ਸਰਕਾਰੀ ਖ਼ਰੀਦ ਖ਼ਤਮ ਕਰਨ ਅਤੇ ਜਨਤਕ ਵੰਡ ਪ੍ਰਣਾਲੀ (ਪੀ ਡੀ ਐਸ) ਖ਼ਤਮ ਕਰਨ ਦੀ ਯੋਜਨਾ ਖੇਤੀ ਕਾਨੂੰਨਾਂ ਤੋਂ ਬਿਨਾਂ ਵੀ ਜਾਰੀ ਰਹੇਗੀ, ਸਗੋਂ ਅੱਗੇ ਤੋਂ ਇਹ ਲੁਕਿਆ ਹੋਇਆ ਅਤੇ ਵਧੇਰੇ ਖ਼ਤਰਨਾਕ ਹੋਵੇ-ਗਾ।ਇੱਕ ਹੋਰ ਟਵੀਟ ਰਾਹੀਂ ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਖ਼ਰੀਦ, ਸਟੋਰੇਜ ਤੇ ਪ੍ਰਚੂਨ ਕਾਰੋਬਾਰ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਬਾਰੇ ਕੇਂਦਰ ਸਰਕਾਰ ਦਾ ਫਾਰਮੂਲਾ ਅਜੇ ਜਾਰੀ ਹੈ। ਐਮ ਐਸ ਪੀ ਬਾਰੇ ਕਾਨੂੰਨ ਲਈ ਕੇਂਦਰ ਨੇ ਕੋਈ ਸ਼ਬਦ ਨਹੀਂ ਬੋਲਿਆ, ਅਸੀਂ ਜੂਨ 2020 ਵਾਲੀ ਥਾਂ ਵਾਪਸ ਆ ਗਏ ਹਾਂ।

# ਸਵੱਛਤਾ ਸਰਵੇਖਣ ਦੀ ਰੈਂਕਿੰਗ ’ਚ ਪਿਛਲੇ ਸਾਲ ਨੰਬਰ-1 ਰਿਹਾ ਜਲੰਧਰ ਕੈਂਟ 8ਵੇਂ ਥਾਂ ਚਲਾ ਗਿਆ

ਜਲੰਧਰ, 22 ਨਵੰਬਰ (ਪੋਸਟ ਬਿਊਰੋ)- ਭਾਰਤ ਵਿੱਚ ਸਫ਼ਾਈ ਦੀ ਸਵੱਛਤਾ ਸਰਵੇਖਣ ਦੀ ਰੈਂਕਿੰਗ ਵਿੱਚ ਪਿਛਲੇ ਸਾਲ ਨੰਬਰ-1 ਰਿਹਾ ਜਲੰਧਰ ਕੰਟੋਨਮੈਂਟ ਇਸ ਵਾਲ 8ਵੇਂ ਸਥਾਨ ਉੱਤੇ ਜਾ ਪੁੱਜਾ ਹੈ।



ਵਰਨਣ ਯੋਗ ਹੈ ਕਿ ਕੈਂਟ ਬੋਰਡ ਪ੍ਰਸ਼ਾਸਨ ਨੇ ਸਫ਼ਾਈ ਵਿਵਸਥਾ ਸੁਚਾਰੂ ਬਣਾਉਣ ਲਈ ਇਸ ਵਾਰ ਫਿਰ ਲੱਖਾਂ ਰੁਪਏ ਖਰਚ ਕੀਤੇ ਸਨ। ਕੈਂਟ ਇਲਾਕੇ ਦੇ ਕੁਝ ਨਾਲਿਆਂ ਵਿੱਚੋਂ ਗਾਰ ਕੱਢਣ ਲਈ ਕੈਂਟ ਬੋਰਡ ਨੇ ਸੁਪਰ ਸੱਕਸ਼ਨ ਮਸ਼ੀਨ ਨਾਲ ਲੱਖਾਂ ਰੁਪਏ ਖ਼ਰਚ ਕਰ ਕੇ ਨਾਲਿਆਂ ਦੀ ਸਫ਼ਾਈ ਕਰਾਈ, ਪਰ ਕੁਝ ਦਿਨਾਂ ਬਾਅਦ ਉਨ੍ਹਾਂ ਦੀ ਹਾਲਤ ਪਹਿਲਾਂ ਵਾਂਗ ਹੋ ਗਈ ਅਤੇ ਨਾਲਿਆਂ ਵਿੱਚ ਫਿਰ ਗਾਰ ਜੰਮਣੀ ਸ਼ੁਰੂ ਹੋ ਗਈ। ਇਸੇ ਤਰ੍ਹਾਂ ਬੁੱਝੜੀ ਨੇੜੇ ਕੰਪੋਸਟਿੰਗ ਗਰਾਉਂਡ ਉੱਤੇ ਵੀ ਲੱਖਾਂ ਰੁਪਏ ਖਰਚ ਕੀਤੇ ਸਨ। ਕੈਂਟ ਇਲਾਕੇ ਵਿੱਚ ਲੜਖੜਾਈ ਸਫ਼ਾਈ ਵਿਵਸਥਾ ਠੀਕ ਕਰਨ ਲਈ ਇਲਾਕੇ ਦੇ ਲੋਕਾਂ ਨੇ ਰੋਸ ਪ੍ਰਦਰਸ਼ਨ ਵੀ ਕੀਤਾ ਸੀ। ਉਂਜ ਕੈਂਟ ਬੋਰਡ ਦੇ ਕਈ ਸਫ਼ਾਈ ਕਰਮਚਾਰੀਆਂ ਨੂੰ ਹਾਜ਼ਰੀ ਲਾਉਣ ਪਿੱਛੋਂ ਅਫ਼ਸਰਾਂ ਦੀਆਂ ਕੋਠੀਆਂ ਵਿੱਚ ਕੰਮ ਕਰਨ ਭੇਜ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਤੋਂ 8 ਘੰਟੇ ਦੀ ਥਾਂ ਕਈ ਗੁਣਾਂ ਕੰਮ ਲਿਆ ਜਾਂਦਾ ਹੈ।

ਜਾਣਕਾਰ ਸੂਤਰਾਂ ਮੁਤਾਬਕ ਅਫ਼ਸਰਾਂ ਦੀਆਂ ਕੋਠੀਆਂ ਵਿੱਚ ਕੰਮ ਕਰਦੇ ਸਫ਼ਾਈ ਕਰਮਚਾਰੀਆਂ ਦੀ ਗਿਣਤੀ ਤਿੰਨ ਦਰਜਨ ਦੇ ਲੱਗਭਗ ਹੈ, ਜਿਨ੍ਹਾਂ ਕੋਲੋਂ ਪਿਛਲੇ ਕਈ ਸਾਲਾਂ ਤੋਂ ਕੋਠੀਆਂ ਵਿੱਚਰੈਗੂਲਰ ਕੰਮ ਕਰਵਾਇਆ ਜਾਂਦਾ ਹੈ। ਇਸ ਬਾਰੇ ਬੋਰਡ ਦੇ ਇੱਕ ਸਿਹਤ ਅਧਿਕਾਰੀ ਨੇ ਦੱਸਿਆ ਕਿ ਕੈਂਟ ਖੇਤਰ ਦੀ ਸਫ਼ਾਈ ਵਿਵਸਥਾ ਸੁਚਾਰੂ ਕਰਨ ਲਈ ਸਥਾਈ ਅਤੇ ਅਸਥਾਈ ਕਰਮਚਾਰੀ ਬਰਾਬਰ ਸਫ਼ਾਈ ਕਰਦੇ ਹਨ ਅਤੇ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾਂਦਾ ਹੈ, ਪਰ ਕਈ ਵਾਰ ਲੋਕਾਂ ਦਾ ਸਹਿਯੋਗ ਨਾ ਮਿਲਣ ਕਾਰਨ ਏਦਾਂ ਦੀ ਹਾਲਤ ਬਣ ਜਾਂਦੀ ਹੈ।ਕੈਂਟ ਬੋਰਡ ਦੇ ਪੀ ਆਰ ਓ ਰਾਜੇਸ਼ ਅਟਵਾਲ ਨੇ ਕਿਹਾ ਕਿ ਕੈਂਟ ਬੋਰਡ ਦੇ 8ਵੇਂ ਸਥਾਨ ਉੱਤੇ ਆਉਣ ਦਾ ਕਾਰਨ ਲੱਭਿਆ ਜਾਵੇਗਾ ਅਤੇ ਪੂਰੇ ਬੋਰਡ ਨੂੰ ਫਖਰ ਹੈ ਕਿ ਜਿੰਨੇ ਵੀ ਕੰਟੋਨਮੈਂਟ ਬੋਰਡ ਵੈਸਟਰਨ ਕਮਾਂਡ ਅਧੀਨ ਹਨ, ਉਨ੍ਹਾਂ ਵਿੱਚੋਂ ਜਲੰਧਰ ਕੰਟੋਨਮੈਂਟ ਪਹਿਲੇ ਸਥਾਨ ਉੱਤੇ ਹੈ।

# ਲੁਧਿਆਣਾ ਇੰਪਰੂਵਮੈਂਟ ਟਰੱਸਟ ਦੇ ਅਧਿਕਾਰੀ ਸਰਕਾਰੀ ਹੁਕਮਾਂ ਦੀ ਪ੍ਰਵਾਹ ਨਹੀਂ ਕਰਦੇ, ਲੋਕ ਹੁੰਦੇ ਹਨ ਖੱਜਲ ਖੁਆਰ

ਲੁਧਿਆਣਾ, 22 ਨਵੰਬਰ (ਸੁਰਿੰਦਰ ਕੈਲੇ)- ਲੁਧਿਆਣਾ ਇੰਪਰੂਵਮੈਂਟ ਟਰੱਸਟ ਅਕਸਰ ਕਿਸੇ ਨਾ ਕਿਸੇ ਵਿਵਾਦ ਕਾਰਨ ਚਰਚਾ ਵਿਚ ਰਹਿੰਦਾ ਹੈ। ਸੰਬੰਧਿਤ ਨਾਗਰਿਕਾਂ ਵੱਲੋਂ ਇਸ ਦੀ ਟਾਲ ਮਟੋਲ ਦੀ ਕਾਰਗੁਜਾਰੀ ਤੇ ਸਵਾਲ ਚੁੱਕੇ ਜਾਂਦੇ ਰਹਿੰਦੇ ਹਨ। ਅੱਜਕਲ ਇਕ ਹੋਰ ਮਸਲਾ ਪਾਣੀ ਤੇ ਸੀਵਰੇਜ ਦੇ ਕੁਨੈਕਸ਼ਨ ਰੈਗੂਲਰ ਕਰਨ ਦਾ ਚਰਚਾ ਵਿਚ ਹੈ।

ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 5/50/2015-5 ਐੱਲ ਜੀ 4/2368, ਮਿਤੀ 25.8.2021 ਰਾਹੀਂ ਗ਼ੈਰ ਪ੍ਰਵਾਨਿਤ ਪਾਣੀ ਤੇ ਸੀਵਰੇਜ ਕੁਨੇਕਸ਼ਨਾਂ ਨੂੰ ਰੈਗੂਲਰ ਕਰਨ ਲਈ ਮਕਾਨ ਮਾਲਕਾਂ ਨੂੰ ਸੀਮਤ ਸਮੇਂ ਤੱਕ ਪਲੈਨਿਟੀ, ਵਿਆਜ ਦੀ ਰਾਹਤ ਦਿੱਤੀ ਹੈ।

ਲੁਧਿਆਣਾ ਇੰਪਰੂਵਮੈਂਟ ਟਰੱਸਟ ਇਸ ਨੋਟੀਫਿਕੇਸ਼ਨ ਨੂੰ ਮੰਨਣ ਤੋਂ ਜ਼ਬਾਨੀ ਇਨਕਾਰ ਕਰਦਿਆਂ ਲੋੜਵੰਦ ਮਕਾਨ ਮਾਲਕਾਂ ਦੇ ਕੁਨੈਕਸ਼ਨ ਰੈਗੂਲਰ ਕਰਨ ਤੋਂ ਟਾਲ ਮਟੋਲ ਦੀ ਨੀਤੀ ਅਪਨਾ ਰਿਹਾ ਹੈ। ਅਜਿਹਾ ਹੀ ਇਕ ਮਾਮਲਾ ਸੁਰਿੰਦਰ ਸਿੰਘ ਨਾਮੀ ਵਿਅਕਤੀ ਨੇ ਪ੍ਰੈੱਸ ਦੇ ਧਿਆਨ ਵਿਚ ਲਿਆਂਦਾ ਹੈ। ਉਸ ਨੇ ਟਰੱਸਟ ਦੇ ਨਾਮ ਦਿੱਤਾ ਬੇਨਤੀ ਪੱਤਰ ਮਿਤੀ 4.10.2021 ਦਿਖਾਉਂਦਿਆਂ ਦਸਿਆ ਕਿ ਉਪਰੋਕਤ ਪੱਤਰ ਡੇਢ ਮਹੀਨੇ ਤੋਂ ਉਪਰ ਹੋਣ ਦੇ ਬਾਵਜੂਦ ਟਰੱਸਟ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਉਪਰੰਤ ਦੋ ਯਾਦਪੱਤਰ ਦੇਣ ਅਤੇ ਅਧਿਕਾਰੀਆਂ ਨੂੰ ਮਿਲ ਕੇ ਬੇਨਤੀ ਕਰਨ ਦੇ ਬਾਵਜੂਦ ਵੀ ਉਸ ਦਾ ਬੇਨਤੀ ਪੱਤਰ ਕਿਸੇ ਕੋਨੇ ਵਿਚ ਪਿਆ ਅਧਿਕਾਰੀਆਂ ਦੀ ਮਿਹਰਬਾਨੀ ਦੀ ਉਡੀਕ ਵਿਚ ਹੈ।

ਜੇਕਰ ਲੁਧਿਆਣਾ ਇੰਪਰੂਵਮੈਂਟ ਟਰੱਸਟ ਦੀ ਟਾਲ ਮਟੋਲ ਦੀ ਨੀਤੀ ਇੰਝ ਹੀ ਜਾਰੀ ਰਹੀ ਤਾਂ ਸਰਕਾਰੀ ਨੋਟੀਫਿਕੇਸ਼ਨ ਦੀ ਮਿਆਦ ਪੁੱਗ ਜਾਵੇਗੀ ਜਿਸ ਨਾਲ ਲੋਕਾਂ ਨੂੰ ਹੋਰ ਵੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਇਹ ਵੀ ਹੋ ਸਕਦਾ ਹੈ ਕਿ ਮਜਬੂਰਨ ਬਿਨੈਕਰਤਾ ਟਰੱਸਟ ਵਾਲਿਆਂ ਦੇ ਵਿਰੁੱਧ ਨਿਆਂਪਾਲਿਕਾ ਕੋਲ ਇਨਸਾਫ਼ ਦੀ ਮੰਗ ਕਰਨ। ਪੰਜਾਬ ਲੋਕਲਬਾਡੀ ਦੇ ਅਧਿਕਾਰੀਆਂ ਨੂੰ ਇਸ ਮਾਮਲੇ ਵਿਚ ਦਖਲ ਦੇ ਕੇ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਬਿਨੈਕਾਰ ਸਰਕਾਰੀ ਸਕੀਮ ਦਾ ਲਾਭ ਲੈਂਦਿਆਂ ਆਪਣੇ ਕੁਨੈਕਸ਼ਨ ਰੈਗੂਲਰ ਕਰਵਾ ਸਕਣ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਨਵੇਂ ਐਡਵੋਕੇਟ ਜਨਰਲ ਨੇ ਕਿਹਾ, ਸਰਕਾਰ ਨੂੰ ਕਾਨੂੰਨੀ ਪੇਚੀਦਗੀਆਂ ਤੋਂ ਬਚਾਉਣਾ ਮੇਰੀ ਜ਼ਿੰਮੇਵਾਰੀ

ਮੋਹਾਲੀ, 22 ਨਵੰਬਰ (ਪੋਸਟ ਬਿਊਰੋ)- ਹਰ ਵਕੀਲ ਦੀ ਨੈਤਿਕ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਅਦਾਲਤ ਵਿੱਚ ਕਾਨੂੰਨੀ ਪੇਚੀਦਗੀਆਂ ਤੋਂ ਆਪਣੇ ਕਲਾਈਂਟ ਨੂੰ ਰਾਹਤ ਦਿਵਾਏ ਅਤੇ ਮੇਰਾ ਰੋਲ ਐਡਵੋਕੇਟ ਜਨਰਲ ਪੰਜਾਬ ਦਾ ਹੈ ਤੇ ਮੈਂ ਸਟੇਟ ਕੌਂਸਲ ਦਾ ਮੈਂਬਰ ਵੀ ਹਾਂ। ਮੇਰੀ ਹਮੇਸ਼ਾ ਕੋਸ਼ਿਸ਼ ਰਹੇਗੀ ਕਿ ਅਦਾਲਤ ਵਿੱਚਪੈਂਡਿੰਗ ਮੁੱਦੇ ਹੱਲ ਕਰਵਾ ਸਕਾਂ।ਇਹ ਗੱਲ ਪੰਜਾਬ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਨਵੇਂ ਐਡਵੋਕੇਟ ਜਨਰਲ ਪੰਜਾਬ ਐਡਵੋਕੇਟ ਦੀਪਿੰਦਰ ਸਿੰਘ ਪਟਵਾਲੀਆ ਨੇ ਕੱਲ੍ਹ ਏਥੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਹੇ।

ਪਟਵਾਲੀਆ ਨੇ ਕਿਹਾ ਕਿ ਐਡਵੋਕੇਟ ਜਨਰਲ ਵਜੋਂ ਮੇਰੇ ਵਾਸਤੇ ਕੋਈ ਵੀ ਕੇਸ ਛੋਟਾ ਜਾਂ ਵੱਡਾ ਨਹੀਂ, ਅਦਾਲਤ ਵਿੱਚ ਪੈਂਡਿੰਗ ਸਾਰੇ ਕੇਸ ਮੇਰੇ ਲਈ ਬਰਾਬਰ ਹਨ ਤੇ ਮੇਰੀ ਪੂਰੀ ਕੋਸ਼ਿਸ਼ ਰਹੇਗੀ ਕਿ ਮੈਂ ਇਹ ਸਾਰੇ ਕੇਸ ਹੱਲ ਕਰਵਾ ਕੇ ਆਪਣੀ ਜ਼ਿੰਮੇਵਾਰੀ ਨਿਭਾ ਸਕਾਂ ਤੇ ਪੰਜਾਬ ਸਰਕਾਰ ਨੂੰ ਕਾਨੂੰਨੀ ਪੇਚੀਦਗੀਆਂ ਤੋਂ ਕੱਢ ਸਕਾਂ। ਉਨ੍ਹਾ ਕਿਹਾ ਕਿ ਐਡਵੋਕੇਟ ਜਨਰਲ ਦੀ ਪੁਰਾਣੀ ਟੀਮ ਵਿੱਚ ਸਾਰੇ ਅਫਸਰ ਬੜੇ ਮਿਹਨਤੀ ਤੇ ਸਮਰੱਥ ਹਨ, ਮੈਨੂੰ ਨਹੀਂ ਲੱਗਦਾ ਕਿ ਕਿਸੇ ਮੁਲਾਜ਼ਮ ਜਾਂ ਅਧਿਕਾਰੀ ਨੂੰ ਬਦਲਣ ਦੀ ਲੋੜ ਹੈ। ਮੇਰੀ ਕੋਸ਼ਿਸ਼ ਰਹੇਗੀ ਕਿ ਮੈਂ ਸਰਕਾਰ ਦੇ ਫ਼ੈਸਲਿਆਂ ਦਾ ਹੱਲ ਕਰਵਾਉਣ ਦੇ ਲਈ ਅਦਾਲਤ ਵਿੱਚ ਸਰਕਾਰ ਦਾ ਪੱਖ ਪੂਰੀ ਮਜ਼ਬੂਤੀ ਨਾਲ ਰੱਖਾਂ।

ਬਰਗਾੜੀ ਦੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਦੇ ਗੋਲੀ ਕਾਂਡ ਕੇਸ ਵਿੱਚ ਉਨ੍ਹਾਂ ਸਪੱਸ਼ਟ ਕਿਹਾ ਕਿ ਅਦਾਲਤ ਵਿੱਚ ਚੱਲਦਾ ਕੋਈ ਕੇਸ ਭਾਵੇਂ ਕਿੰਨਾ ਵੀ ਪੁਰਾਣਾ ਜਾਂ ਨਵਾਂ ਹੋਵੇ, ਉਸ ਵਿੱਚ ਸਰਕਾਰ ਨੂੰ ਸਾਰੇ ਮਸਲਿਆਂ ਵਿੱਚ ਰਾਹਤ ਮਿਲ ਸਕੇ, ਇਸ ਦੇ ਲਈ ਹੀ ਆਪਣੇ ਯਤਨ ਜਾਰੀ ਰੱਖਣਗੇ।

# ਕਸ਼ਮੀਰੀ ਵਿਦਿਆਰਥੀਆਂ ਨੂੰ ਤੰਗ ਕਰਨ ਉੱਤੇ ਪ੍ਰਿੰਸੀਪਲ ਸਸਪੈਂਡ

ਕੋਟਕਪੂਰਾ, 22 ਨਵੰਬਰ (ਪੋਸਟ ਬਿਊਰੋ)- ਨਿੰਜੀ ਨਰਸਿੰਗ ਕਾਲਜ ਵਿੱਚ ਪੜ੍ਹਦੇ ਕਸ਼ਮੀਰੀ ਵਿਦਿਆਰਥੀਆਂ ਨੇ ਕਾਲਜ ਦੇ ਪ੍ਰਿੰਸੀਪਲ ਉੱਤੇ ਮਾਨਸਿਕ ਅਤੇ ਆਰਥਿਕ ਪੱਖੋਂ ਤੰਗ ਕਰਨ ਦੇ ਦੋਸ਼ ਲਾਏ ਹਨ। ਪ੍ਰੇਸ਼ਾਨ ਕੀਤੇ ਜਾਣ ਬਾਰੇ ਵੀਡੀਓ ਵਾਇਰਲ ਹੋਣ ਮਗਰੋਂ ਉਨ੍ਹਾਂ ਦੀ ਮੱਦਦ ਲਈ ਮੁਸਲਿਮ ਸਮਾਜ ਦੇ ਆਗੂ ਅਤੇ ਲੁਧਿਆਣਾ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਉਸਮਾਨ ਲੁਧਿਆਣਵੀ ਕੱਲ੍ਹ ਉਚੇਚੇ ਇਸ ਕਾਲਜ ਵਿੱਚ ਪੁੱਜੇ।ਵਿਦਿਆਰਥੀਆਂ ਦੀ ਮੰਗ ਉੱਤੇ ਕਾਲਜ ਪ੍ਰਬੰਧਕਾਂ ਨੇ ਪ੍ਰਿੰਸੀਪਲ ਨੂੰ ਤੁਰੰਤ ਸਸਪੈਂਡ ਕਰਨ ਦੇ ਨਾਲ ਜਾਂਚ ਕਮੇਟੀ ਕਾਇਮ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਨਰਸਿੰਗ ਕਾਲਜ ਵਿੱਚ ਪਹਿਲੇ ਸਮੈਸਟਰ ਵਿੱਚ ਕਸ਼ਮੀਰ ਦੇ ਵੱਖ-ਵੱਖ ਪੰਜ ਜ਼ਿਲ੍ਹਿਆਂ ਦੇ 77 ਵਿਦਿਆਰਥੀ ਪੜ੍ਹਦੇ ਹਨ, ਇਨ੍ਹਾਂ ਵਿੱਚ 30 ਵਿਦਿਆਰਥਣਾਂ ਤੇ ਹੋਰ ਵਿਦਿਆਰਥੀ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਈਦ ਕਾਰਨ ਉਹ ਕਸ਼ਮੀਰ ਗਏ ਸਨ ਤਾਂ ਪਿੱਛੋਂ ਤਾਲਾਬੰਦੀ ਲੱਗ ਗਈ ਤੇ ਉਹ ਕਾਲਜ ਨਹੀਂ ਸਨ ਆ ਸਕੇ। ਇਸ ਦੌਰਾਨ ਕਾਲਜ ਨੇ ਆਨਲਾਈਨ ਪੜ੍ਹਾਈ ਕਰਵਾਈ, ਪਰ ਕਸ਼ਮੀਰ ਵਿੱਚ ਇੰਟਰਨੈਟ ਬੰਦ ਹੋਣ ਕਾਰਨ ਉਹ ਆਨਲਾਈਨ ਪੜ੍ਹਾਈ ਨਹੀਂ ਕਰ ਸਕੇ। ਜਦੋਂ ਉਹ ਕਾਲਜ ਆਏ ਤਾਂ ਪ੍ਰਿੰਸੀਪਲ ਨੇ ਉਨ੍ਹਾਂ ਉੱਤੇ ਪ੍ਰਤੀ ਲੈਕਚਰ ਪੰਜ ਸੌ ਰੁਪਏ ਜੁਰਮਾਨਾ ਮੰਗ ਲਿਆ। ਇਸ ਤਰ੍ਹਾਂ ਹਰ ਵਿਦਿਆਰਥੀ ਉੱਤੇ ਔਸਤਨ50000 ਰੁਪਏ ਬਣਦੇ ਹਨ ਤੇ ਇਹ ਰਕਮ ਉਹ ਜਮ੍ਹਾਂ ਨਹੀਂ ਕਰਵਾ ਸਕਦੇ। ਇਸ ਲਈ 16 ਨਵੰਬਰ ਨੂੰ ਹੋਈ ਪ੍ਰੀਖਿਆ ਵਿੱਚ ਉਨ੍ਹਾਂ ਨੂੰ ਹਿੱਸਾ ਨਹੀਂ ਲੈਣ ਦਿੱਤਾ ਗਿਆ ਤੇ ਉਨ੍ਹਾਂ ਨਾਲ ਮਾੜਾ ਸਲੂਕ ਕੀਤਾ ਅਤੇ ਉਨ੍ਹਾਂ ਦੇ ਧਰਮ ਤੇ ਕਸ਼ਮੀਰੀਅਤ ਬਾਰੇ ਗਲਤ ਸ਼ਬਦ ਆਖੇ ਗਏ। ਇਨ੍ਹਾਂ ਵਿਦਿਆਰਥੀਆਂ ਨਾਲ ਵਧੀਕੀ ਬਾਰੇ ਸੁਣ ਕੇ ਸ਼ਾਹੀ ਇਮਾਮ ਲੁਧਿਆਣਵੀ ਨੇ ਕਾਲਜ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਤਾਂਕਾਲਜ ਪ੍ਰਬੰਧਕਾਂ ਨੇ ਪ੍ਰਿੰਸੀਪਲ ਨੂੰ ਸਸਪੈਂਡ ਕਰਨ ਮਗਰੋਂ ਜਾਂਚ ਕਮੇਟੀ ਕਾਇਮ ਕਰ ਦਿੱਤੀ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ 47ਵੀਂ ਸਾਲਾਨਾ ਕਾਨਵੋਕੇਸ਼ਨ

## ਭਾਰਤ ਨੂੰ ਇਮਾਨਦਾਰ ਅਤੇ ਚਰਿੱਤਰਵਾਨ ਨੌਜੁਆਨਾਂ ਦੀ ਸਖਤ ਲੋੜ, ਨਵੀਂ ਰਾਸ਼ਟਰੀ ਸਿਖਿਆ ਨੀਤੀ ਨੌਜੁਆਨਾਂ ਨੂੰ ਸਵੈ-ਨਿਰਭਰ ਬਣਾਏਗੀ: ਬਨਵਾਰੀ ਲਾਲ ਪੁਰੋਹਿਤ

*** ਪੀ.ਐਚ.ਡੀ., ਐਮਫਿਲ, ਪੋਸਟ ਗਰੈਜੂਏਟ ਤੇ ਗਰੈਜੂਏਟ ਖੋਜਾਰਥੀਆਂ-ਵਿਦਿਆਰਥੀਆਂ ਦਾ ਡਿਗਰੀਆਂ ਅਤੇ ਮੈਡਲਾਂ ਨਾਲ ਸਨਮਾਨ**

ਅੰਮ੍ਰਿਤਸਰ, 22 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮਾਨਯੋਗ ਰਾਜਪਾਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੁਲਪਤੀ ਸ੍ਰੀ ਬਨਵਾਰੀਲਾਲ ਪੁਰੋਹਿਤ ਨੇ ਕਿਹਾ ਹੈ ਰਾਸ਼ਟਰੀ ਸਿਖਿਆ ਨੀਤੀ 2020 ਵਿਚ ਤਕਨੀਕੀ ਕਿੱਤਾ ਮੁਖੀ, ਪੇਸ਼ੇਵਰ ਅਤੇ ਹੁਨਰਮਈ ਸਿਖਿਆ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਤਾਂ ਜੋ ਨੌਜੁਆਨਾਂ ਦੇ ਵਿਚ ਸੈਵ ਨਿਰਭਰਤਾ ਵਧਾਈ ਜਾਵੇ ਜਿਸ ਨਾਲ ਭਾਰਤ ਵਿਚ ਇਮਾਨਦਾਰ ਅਤੇ ਚਰਿੱਤਰਵਾਨ ਨੌਜਵਾਨ ਉਭਰ ਦੇ ਸਾਹਮਣੇ ਆਉਣ ਅਤੇ ਉਹ ਆਪਣੇ ਵਿਅਕਤੀਗਤ ਕਾਰਜਾਂ ਰਾਹੀਂ ਅਤੇ ਸਮਾਜ ਦੀ ਸੇਵਾ ਵਿਚ ਲੱਗ ਜਾਣ। ਉਹ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਦਸਮੇਸ਼ ਆਡੀਟੋਰੀਅਮ ਵਿਖੇ ਆਯੋਜਿਤ 47ਵੀਂ ਸਾਲਾਨਾ ਕਾਨਵੋਕੇਸ਼ਨ ਮੌਕੇ ਵਿਦਿਆਰਥੀਆਂ ਨੂੰ ਆਨਲਾਈਨ ਸੰਬੋਧਨ ਹੋ ਰਹੇ ਸਨ, ਜਿਸ ਵਿਚ 225 ਪੀ.ਐਚ.ਡੀ., 7 ਐਮ ਫਿਲ, 99 ਪੋਸਟ ਗਰੈਜੂਏਟ ਅਤੇ 64 ਅੰਡਰ ਗਰੈਜੂਏਟ ਦੇ ਲਗਪਗ ਡਿਗਰੀਆਂ ਵੱਖ ਵੱਖ ਫੈਕਲਟੀ ਦੇ ਵਿਦਿਆਰਥੀਆਂ-ਖੋਜਾਰਥੀਆਂ ਨੂੰ ਪ੍ਰਦਾਨ ਕੀਤੀਆਂ ਗਈਆਂ ਅਤੇ ਯੂਨੀਵਰਸਿਟੀ ਵੱਲੋਂ ਉੱਘੀ ਭਾਰਤੀ ਚਿਤਰਕਾਰ ਅਤੇ ਗਰਾਫਿਕ ਆਰਟਿਸਟ, ਅਰਪਨਾ ਕੌਰ ਅਤੇ ਦਿਲਾਂ ਦੀਆਂ ਬੀਮਾਰੀਆਂ ਦੇ ਉੱਘੇ ਮਾਹਿਰ, ਫੋਰਟਿਸ ਐਸਕਾਰਟਸ ਹਰਟ ਇੰਸਟੀਚਿਊਟ ਦੇ ਕਾਰਡੀਐਕ ਸਾਇੰਸਜ਼ ਦੇ ਦੇ ਸਾਬਕਾ ਡਾਇਰੈਕਟਰ ਅਤੇ ਪੁਸ਼ਪਾਵਤੀ ਸਿੰਘਾਨੀਆ ਹੌਸਪੀਟਲ ਐਂਡ ਰੀਸਰਚ ਇੰਸਟੀਚਿਊਟ ਦੇ ਚੇਅਰਮੈਨ; ਡਾ. ਤਰਲੋਚਨ ਸਿੰਘ ਕਲੇਰ ਨੂੰ ਉਨ੍ਹਾਂ ਵੱਲੋਂ ਆਪਣੇ ਆਪਣੇ ਖੇਤਰ ਵਿਚ ਪਾਏ ਅਹਿਮ ਯੋਗਦਾਨ ਸਦਕਾ ਆਨਰਜ਼ ਕਾਜ਼ਾ ਡਾਕਟਰ ਆਫ ਫਿਲਾਸਿਫੀ ਅਤੇ ਡਾਕਟਰ ਆਫ ਸਾਇੰਸ ਡਿਗਰੀਆਂ ਨਾਲ ਸਨਮਾਨਿਤ ਕੀਤਾ ਗਿਆ।

ਵਿਸ਼ੇਸ਼ ਤੌਰ ’ਤੇ ਪੁੱਜੇ ਅੰਮ੍ਰਿਤਸਰ ਦੇ ਮੈਂਬਰ ਲੋਕ ਸਭਾ, ਸ. ਗੁਰਜੀਤ ਸਿੰਘ ਔਜਲਾ ਨੇ ਵੀ ਪੰਜਾਬ ਦੀ ਮੌਜੂਦਾ ਸਿਖਿਆ ਪ੍ਰਣਾਲੀ ’ਚ ਕੀਤੇ ਜਾਣ ਵਾਲੇ ਕੰਮਾਂ ਵੱਲ ਧਿਆਨ ਲਿਆਉਂਦਿਆਂ ਜਿਥੇ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਉਥੇ ਉਨ੍ਹਾਂ ਨੇ ਕਿਹਾ ਕਿ ਜੋ ਉਨ੍ਹਾਂ ਨੇ ਆਪਣੀ ਪੜ੍ਹਾਈ ਦੌਰਾਨ ਆਪਣੇ ਅਧਿਆਪਕਾਂ ਤੋਂ ਸਿਖਿਆ ’ਤੇ ਚੱਲ ਕੇ ਸਿਹਤਮੰਦ ਸਮਾਜ ਸਿਰਜਣ ਚ ਰੋਲ ਨਿਭਾਉਣ।

ਇਸ ਤੋਂ ਪਹਿਲਾਂ ਵਾਈਸ-ਚਾਂਸਲਰ, ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੇ ਪੰਜਾਬ ਦੇ ਮਾਨਯੋਗ ਰਾਜਪਾਲ (ਆਨਲਾਈਨ), ਸ੍ਰ. ਔਜਲਾ ਅਤੇ ਕਨਵੋਕੇਸ਼ਨ ਵਿੱਚ ਭਾਗ ਲੈਣ ਵਾਲੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਨੂੰ ਜੀ ਆਇਆਂ ਆਖਿਆ ਅਤੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਤੋਂ ਇਲਾਵਾ ਅਗਲੇ ਆਉਣ ਵਾਲੇ ਸਾਲਾਂ ਵਿਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪਦਮਸ਼੍ਰੀ ਅਤੇ ਪੰਜਾਬੀ ਦੀ ਉੱਘੀ ਕਹਾਣੀਕਾਰਾ ਅਜੀਤ ਕੌਰ ਵੀ ਹਾਜ਼ਰ ਸਨ।

ਇਸ ਤੋਂ ਪਹਿਲਾਂ ਜਾਰੀ ਆਪਣੇ ਆਨਲਾਈਨ ਭਾਸ਼ਣ ਵਿਚ ਸ੍ਰੀ ਪੁਰੋਹਿਤ ਨੇ ਸਿਖਿਆ ਸਬੰਧੀ ਵੱਡ ਵੱਡੇ ਵਿਦਵਾਨਾਂ ਦੀਆਂ ਦਿੱਤੇ ਸੁਝਾਵਾਂ ਨੂੰ ਕੋਟ ਕਰਦਿਆਂ ਕਿਹਾ ਕਿ ਇਕ ਚੰਗੇ ਸਮਾਜ ਦੀ ਸਿਰ-ਜਣਾ ਦੇ ਲਈ ਸਿਖਿਆ ਦਾ ਬਹੁਤ ਮਹੱਤਵ ਹੈ। ਉਨ੍ਹਾਂ ਨੇ ਇਸ ਮੌਕੇ ’ਤੇ ਮਨੁੱਖੀ ਅਸਤਿੱਤਵ ਦੇ ਸਭ ਤੋਂ ਮਹੱਤਵਪੂਰਨ ਪਹਿਲੂ ਉੱਤੇ ਵਿਸ਼ੇਸ਼ ਜ਼ੋਰ ਦਿੰਦਿਆਂ ਕਿਹਾ ਕਿ ਹਰੇਕ ਵਿਅਕਤੀ, ਪਰਿਵਾਰ, ਸਮਾਜ, ਰਾਸ਼ਟਰ ਅਤੇ ਅੰਤ ਵਿਚ ਸੰਸਾਰ ਦੀ ਤਰੱਕੀ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਕੋਈ ਵਿਅਕਤੀ ਸੰਸਥਾਵਾਂ ਦੁਆਰਾ ਦਿੱਤੀ ਰਸਮੀ ਸਿੱਖਿਆ ਅਤੇ ਪਰਿਵਾਰਕ ਸੰਸਕਾਰਾਂ ਦੁਆਰਾ ਦਿੱਤੀ ਗ਼ੈਰ-ਰਸਮੀ ਸਿੱਖਿਆ ਦੁਆਰਾ ਕਿਸ ਤਰ੍ਹਾਂ ਦਾ ਵਿਅਕਤੀਗਤ ਚਰਿੱਤਰ ਬਣਾਉਂਦਾ ਹੈ।






ਉਨ੍ਹਾਂ ਡਿਗਰੀ ਲੈਣ ਵਾਲੇ ਵਿਦਿਆਰਥੀਆਂ ਖੋਜਾਰਥੀਆਂ ਨੂੰ ਵਧਾਈ ਦਿੱਤੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਨਰਜ਼ ਕਾਜ਼ਾ ਡਿਗਰੀਆਂ ਮਿਲਣ ’ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਡਾ. ਤਰਲੋਚਨ ਸਿੰਘ ਕਲੇਰ ਅਤੇ ਅਰਪਨਾ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਸਮਾਜ ਨੂੰ ਅਗਾਂਹ ਲੈ ਕੇ ਜਾਣ ਲਈ ਲਗਾਈ ਹੈ ਅਤੇ ਵਿਦਿਆਰਥੀਆਂ ਨੂੰ ਵੀ ਚੰਗੇ ਸਮਾਜ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਡਾ. ਕਲੇਰ ਨੇ ਜਿਥੇ ਸਿਹਤ, ਸਿਖਿਆ ਤੇ ਜ਼ੋਰ ਦਿੱਤ ਉਥੇ ਅਰਪਨਾ ਕੌਰ ਨੇ ਨੈਤਿਕ ਕਦਰਾਂ ਕੀਮਤਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਆ ਅਤੇ ਆਸ ਪ੍ਰਗਟਾਈ ਕਿ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਦੀ ਅਗਵਾਈ ਹੇਠ ਇਹ ਯੂਨੀਵਰਸਿਟੀ ਹੋਰ ਅੱਗੇ ਵਧੇਗੀ। ਇਸ ਮੌਕੇ ਡਿਗਰੀਆਂ ਲੈਣ ਵਾਲੀਆਂ ਦੋਵਾਂ ਸਖਸ਼ੀਅਤਾਂ ਨੂੰ ਕੌਫੀ ਟੇਬਲ ਬੁਕ ਨਾਲ ਸਨਮਾਨਿਤ ਕੀਤਾ।

## ਰਾਜਸਥਾਨ ਕੈਬਨਿਟ ਦੀ ਅਦਲਾ-ਬਦਲੀ,15 ਮੰਤਰੀਆਂ ਨੇ ਸਹੁੰ ਚੁੱਕੀ



ਜੈਪੁਰ, 22 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਵਿੱਚ ਮੁੱਖ ਮੰਤਰੀ ਅਸ਼ੋਕ ਗਹਿਲੋਤ ਸਰਕਾਰ ਵਿੱਚ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਫੇਰਬਦਲ ਕੱਲ੍ਹ ਪੂਰਾ ਹੋ ਗਿਆ, ਜਦੋਂ ਸੱਤਾਧਾਰੀ ਕਾਂਗਰਸ ਦੇ 15 ਵਿਧਾਇਕਾਂ ਨੇ ਮੰਤਰੀ ਅਹੁਦੇ ਦੀ ਸਹੁੰ ਚੁੱਕ ਲਈ। ਰਾਜ ਭਵਨ ਵਿੱਚਗਵਰਨਰ ਕਲਰਾਜ ਮਿਸ਼ਰਾ ਨੇ 11 ਵਿਧਾਇਕਾਂ ਨੂੰ ਕੈਬਨਿਟ ਤੇ ਚਾਰ ਵਿਧਾਇਕਾਂ ਨੂੰ ਰਾਜ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ। ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਮੰਤਰੀ ਮੰਡਲ ਦੇ ਪੁਨਰਗਠਨ ਨੂੰ ਸੋਸ਼ਲ ਇੰਜੀਨੀਅਰਿੰਗ ਦਾ ਨਮੂਨਾ ਦੱਸਦੇ ਹੋਏ ਆਸਪ੍ਰਗਟਾਈ ਕਿ ਇਹ ਕੈਬਨਿਟ ਲੋਕਾਂ ਦੀਆਂ ਉਮੀਦਾਂ ਉੱਤੇ ਖਰੀ ਉਤਰੇਗੀ ਤੇ ਸੂਬੇ ਵਿੱਚ ਇੱਕ ਵਾਰ ਫਿਰ ਕਾਂਗਰਸ ਦੀ ਸਰਕਾਰ ਬਣੇਗੀ।

ਨਵੇਂ ਮੰਤਰੀਆਂ ਵਿੱਚੋਂ ਪੰਜ ਜਣੇ ਕਾਂਗਰਸੀ ਆਗੂ ਅਤੇ ਉਪ ਮੁੱਖ ਮੰਤਰੀ ਸਚਿਨ ਪਾਇਲਟ ਦੇ ਧੜੇ ਵਿੱਚੋਂ ਸਮਝੇ ਜਾਂਦੇ ਹਨ, ਜਿਨ੍ਹਾਂ 2020 ਵਿੱਚ ਗਹਿਲੋਤ ਦੇ ਖ਼ਿਲਾਫ਼ ਬਗਾਵਤ ਕੀਤੀ ਸੀ। ਸਹੁੰ-ਚੁੱਕ ਸਮਾਗਮ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਹਾ ਕਿ ਨਵੇਂ ਮੰਤਰੀ ਮੰਡਲ ਵਿੱਚ ਉਨ੍ਹਾਂ ਸਭ ਨੂੰ ਪ੍ਰਤੀਨਿਧਤਾ ਦਿੱਤੀ ਹੈ, ਚਾਹੇ ਉਹ ਅਨੁਸੂਚਿਤ ਜਨਜਾਤੀ, ਅਨੁਸੂਚਿਤ ਜਾਤੀ, ਪੱਛੜੀ ਜਾਤੀ ਜਾਂ ਘੱਟ ਗਿਣਤੀਆਂ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ 2023 ਦੀਆਂ ਵਿਧਾਨ ਸਭਾ ਚੋਣਾਂ ਦਾ ਧਿਆਨਰੱਖ ਕੇ ਵਿਭਾਗਾਂ ਦੀ ਵੰਡ ਕੀਤੀ ਜਾਵੇਗੀ।

## ਅਕਾਲੀ ਦਲ ਚਾਹੇ ਤਾਂ ਉਸ ਨੂੰ ਛੋਟੇ ਭਰਾ ਵਾਂਗ ਜੀ ਆਇਆਂ ਕਿਹਾ ਜਾ ਸਕਦੈ: ਭਾਜਪਾ



ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਅਤੇ ਪੰਜਾਬ, ਚੰਡੀਗੜ੍ਹ ਅਤੇ ਉਤਰਾਖੰਡ ਦੇ ਇੰਚਾਰਜ ਦੁਸ਼ਿਅੰਤ ਗੌਤਮ ਨੇ ਕਿਹਾ ਹੈ ਕਿ ਪਾਰਟੀ ਵੱਲੋਂ ਅਕਾਲੀ ਦਲ ਦਾ ਛੋਟੇ ਭਰਾ ਵਜੋਂ ਹੀ ਸਵਾਗਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਇਹ ਗੱਲ ਇੱਕ ਇੰਟਰਵਿਊ ਮੌਕੇ ਆਖੀ।

ਦੁਸ਼ਿਅੰਤ ਗੌਤਮ ਨੇ ਇੱਕ ਸਵਾਲ, ਕਿ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਮਗਰੋਂ ਪੰਜਾਬ ਦੀ ਸਿਆਸਤ ਅਤੇ ਖਾਸਕਰ ਗੱਠਜੋੜ ਉੱਤੇ ਕੀ ਪ੍ਰਭਾਵ ਹੋਣਗੇ, ਦੇ ਜਵਾਬ ਵਿੱਚ ਕਿਹਾ, ਸਾਡਾ ਸਟੈਂਡ ਸ਼ੁਰੂ ਤੋਂ ਬਹੁਤ ਸਪੱਸ਼ਟ ਹੈ। ਕੋਈ ਵੀ ਰਾਸ਼ਟਰਵਾਦੀ ਪਾਰਟੀ ਭਾਜਪਾ ਨਾਲ ਆ ਸਕਦੀ ਹੈ। ਉਹ ਸਾਰੇ ਲੋਕ, ਜਿਨ੍ਹਾਂ ਦੇ ਬਿਆਨ ਦੇਸ਼ ਵਿੱਚ ਧਾਰਮਿਕ ਵਿਸ਼ਵਾਸਾਂ ਤੇ ਸ਼ਾਂਤੀ ਨੂੰ ਨੁਕਸਾਨ ਨਹੀਂ ਪੁਚਾਉਂਦੇ, ਭਾਜਪਾ ਨਾਲ ਮਿਲ ਸਕਦੇ ਹਨ। ਅਸੀਂ ਉਨ੍ਹਾਂ ਦਾ ਸਵਾਗਤ ਕਰਾਂਗੇ ਤੇ ਉਨ੍ਹਾਂ ਲਈ ਸਾਰੇ ਬਦਲ ਖੁੱਲ੍ਹੇ ਹਨ।ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨ ਵਾਪਸ ਲਏ ਜਾਣ ਮਗਰੋਂ ਪੁਰਾਣੇ ਸਹਿਯੋਗੀ ਅਕਾਲੀ ਦਲ ਦੇ ਦੁਬਾਰਾ ਭਾਜਪਾ ਨਾਲ ਮਿਲਣ ਦੀ ਸੰਭਾਵਨਾ ਬਾਰੇ ਦੁਸ਼ਿਅੰਤ ਗੌਤਮ ਨੇ ਕਿਹਾ, 'ਜੇ ਅਕਾਲੀ ਦਲ ਤਜਵੀਜ਼ ਪੇਸ਼ ਕਰਦਾ ਹੈ ਤਾਂ ਭਾਜਪਾ ਦਾ ਪਾਰਲੀਮੈਂਟਰੀ ਬੋਰਡ ਸੱਦਾ ਪ੍ਰਵਾਨ ਕਰੇਗਾ। ਅਸੀਂ ਕਦੇ ਦਰਵਾਜ਼ੇ ਬੰਦ ਨਹੀਂ ਕੀਤੇ। ਪਹਿਲਾਂ ਉਹ ਸੂਬੇ ਵਿੱਚ ਵੱਡੇ ਭਰਾ ਦੀ ਹੈਸੀਅਤ ਵਿੱਚ ਨਾਲ ਸਨ, ਅੱਗੋਂ ਉਹ ਛੋਟੇ ਭਰਾ ਵਾਂਗ ਵਾਪਸ ਆ ਸਕਦੇ ਹਨ।

ਇਹ ਪੁੱਛੇ ਜਾਣ ਉੱਤੇ ਕਿ ਕੀ ਅਕਾਲੀ ਦਲ ਪੰਜਾਬ ਵਿੱਚ ਐਨ ਡੀ ਏ ਗੱਠਜੋੜ ਦੇ ਬੈਨਰ ਹੇਠ ਛੋਟੇ ਭਰਾ ਵਜੋਂ ਚੋਣਾਂ ਲੜਨ ਲਈ ਸਹਿਮਤ ਹੋਵੇਗਾ, ਉਨ੍ਹਾਂ ਕਿਹਾ ਕਿ ਪਹਿਲਾਂ ਭਾਜਪਾ ਸੂਬੇ ਵਿੱਚ ਸਿਰਫ 23 ਸੀਟਾਂ ਉੱਤੇ ਚੋਣ ਲੜਦੀ ਸੀ, ਇਸ ਵਾਰ ਸਾਰੀਆਂ 117 ਵਿਧਾਨ ਸਭਾ ਸੀਟਾਂ ਉੱਤੇ ਲੜੇਗੀ। ਉਨ੍ਹਾਂ ਕਿਹਾ, ਅਸੀਂ ਇਹ ਪਹਿਲਾਂ ਸਾਫ ਕਰ ਚੁੱਕੇ ਹਾਂ ਕਿ ਭਾਜਪਾ ਸਾਰੀਆਂ ਸੀਟਾਂ ਉੱਤੇ ਪੂਰੀ ਸਮਰੱਥਾ ਨਾਲ ਲੜੇਗੀ ਅਤੇ ਇਸ ਲਈ ਰਣਨੀਤੀ ਬਣਾਈ ਜਾ ਰਹੀ ਹੈ।

## ਪੁਲਵਾਮਾ ਹਮਲੇ 'ਚ ਬੰਬਾਂ ਲਈ ਵਰਤਿਆ ਕੈਮੀਕਲ ਐਮਾਜ਼ੋਨ ਤੋਂ ਖਰੀਦੇ ਜਾਣ ਦਾ ਦਾਅਵਾ



ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਕਨਫੈਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਜ਼ (ਸੀ ਏ ਆਈ ਟੀ) ਦਾ ਕਹਿਣਾ ਹੈ ਕਿ ਐਮਾਜ਼ੋਨ ਈ-ਕਾਮਰਸ ਪੋਰਟਲ ਨਾਲ ਅਪਰਾਧ ਹੋਣਾ ਕੋਈ ਨਵੀਂ ਅਤੇ ਪਹਿਲੀ ਗੱਲ ਨਹੀਂ ਹੈ। ਇਸ ਤੋਂ ਪਹਿਲਾਂ 2019 ਵਿੱਚ ਪੁਲਵਾਮਾ ਅੱਤਵਾਦੀ ਹਮਲੇ ਵਿੱਚ ਵਰਤੇ ਗਏ ਬੰਬ ਬਣਾਉਣ ਦੇ ਲਈ ਰਸਾਇਣ (ਕੈਮੀਕਲ) ਵੀ ਐਮਾਜ਼ੋਨ ਦੇ ਈ-ਕਾਮਰਸ ਪੋਰਟਲ ਰਾਹੀਂ ਖਰੀਦੇ ਗਏ ਸਨ।

ਸੀ ਏ ਆਈ ਟੀ ਨੇ ਕਿਹਾ ਕਿ ਕੈਮੀਕਲ ਨਾਲ ਅੱਤਵਾਦੀ ਹਮਲਿਆਂ ਵਿੱਚ ਵਰਤੇ ਜਾਂਦੇ ਆਈ ਈ ਡੀ ਬਣਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਤੱਥ ਦਾ ਖੁਲਾਸਾ ਐਨ ਆਈ ਏ ਨੇ ਮਾਰਚ 2020 ਵਿੱਚ ਪੁਲਵਾਮਾ ਕੇਸ ਦੀ ਜਾਂਚ ਮੌਕੇ ਆਪਣੀ ਰਿਪੋਰਟ ਵਿੱਚ ਕੀਤਾ ਸੀ ਤੇ ਇਹ ਖਬਰ ਮਾਰਚ 2020 ਵਿੱਚ ਮੀਡੀਆ ਵਿੱਚ ਵੱਡੇ ਪੱਧਰ ਉੱਤੇ ਸਾਹਮਣੇ ਆਈ ਸੀ। ਹੋਰ ਸਮੱਗਰੀਆਂ ਵਿੱਚ ਅਮੋਨੀਅਮ ਨਾਈਟ੍ਰੇਟ, ਜੋ ਭਾਰਤ ਵਿੱਚ ਪਾਬੰਦੀਸ਼ੁਦਾ ਵਸਤੂ ਹੈ, ਨੂੰ ਐਮਾਜ਼ੋਨ ਈ-ਕਾਮਰਸ ਪੋਰਟਲ ਰਾਹੀਂ ਖਰੀਦਿਆ ਗਿਆ ਸੀ।

ਵਰਨਣ ਯੋਗ ਹੈ ਕਿ ਪੁਲਵਾਮਾ ਅੱਤਵਾਦੀ ਹਮਲੇ ਵਿੱਚ ਸੀ ਆਰ ਪੀ ਐਫ ਦੇ 40 ਜਵਾਨ ਮਾਰੇ ਗਏ ਸਨ।ਸੀ ਏ ਆਈ ਟੀ ਦੇ ਪ੍ਰਧਾਨ ਬੀ ਸੀ ਭਾਰਤੀ ਅਤੇ ਜਨਰਲ ਸਕੱਤਰ ਪ੍ਰਵੀਨ ਖੰਡੇਲਵਾਲ ਨੇ ਕਿਹਾ ਕਿ ਜਨਤਕ ਖੇਤਰ ਵਿੱਚ ਮਿਲ ਰਹੀਆਂ ਕਈ ਰਿਪੋਰਟਾਂ ਅਨੁਸਾਰ ਐਨ ਆਈ ਏ ਵੱਲੋਂ ਮੁੱਢਲੀ ਪੁੱਛਗਿੱਛ ਦੌਰਾਨ ਗ੍ਰਿਫਤਾਰ ਕੀਤੇ ਲੋਕਾਂ ਵਿੱਚੋਂ ਇੱਕ ਨੇ ਮੰਨਿਆ ਸੀ ਕਿ ਬੰਬ ਬਣਾਉਣ ਲਈ ਵਰਤਿਆ ਜਾਂਦਾ ਕੈਮੀਕਲ ਬੈਟਰੀਆਂ ਅਤੇ ਹੋਰ ਚੀਜ਼ਾਂ ਨੂੰ ਐਮਾਜ਼ੋਨ ਈ-ਕਾਮਰਸ ਪੋਰਟਲ ਰਾਹੀਂ ਖਰੀਦਿਆ ਗਿਆ ਸੀ। ਫੋਰੈਂਸਿਕ ਜਾਂਚ ਤੋਂ ਸਾਬਤ ਹੋ ਗਿਆ ਸੀ ਕਿ ਹਮਲੇ ਵਿੱਚ ਵਰਤੇ ਗਏ ਵਿਸਫੋਟਕ ਅਮੋਨੀਅਮ ਨਾਈਟ੍ਰੇਟ, ਨਾਈਟਰੋ-ਗਲਿਸਰੀਨ ਆਦਿ ਸਨ। ਭਾਰਤੀ ਅਤੇ ਖੰਡੇਲਵਾਲ ਨੇ ਕਿਹਾ ਕਿ ਧਮਾਕਾਖੇਜ਼ ਸਮੱਗਰੀ ਐਮਾਜ਼ੋਨ ਰਾਹੀਂ ਖਰੀਦ ਕੇ ਇਸ ਦੀ ਵਰਤੋਂ ਦੇਸ਼ ਦੇ ਫੌਜੀਆਂ ਵਿਰੁੱਧ ਕੀਤੀ ਗਈ ਸੀ, ਇਸ ਲਈ ਐਮਾਜ਼ੋਨ ਤੇ ਇਸ ਦੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਦੇਸ਼ਧਰੋਹ ਦਾ ਕੇਸ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨੀਤੀ ਘਾੜਿਆਂ ਅਤੇ ਅਧਿਕਾਰੀਆਂ ਵੱਲੋਂ ਈ-ਕਾਮਰਸ ਵੱਲ ਰੱਖੇ ਗੈਰ-ਜ਼ਿੰਮੇਵਾਰਾਨਾ ਵਤੀਰੇ ਕਾਰਨ ਈ-ਕਾਮਰਸ ਪੋਰਟਲ ਚਲਾ ਰਹੀਆਂ ਕੰਪਨੀਆਂ ਮਨਮਰਜ਼ੀ ਕਰਦੀਆਂ ਹਨ ਤੇ ਕੋਈ ਇਨ੍ਹਾਂ ਨੂੰ ਰੋਕਣ ਵਾਲਾ ਨਹੀਂ ਹੈ।

## ਪਾਕਿਸਤਾਨ ਵਿੱਚ ਕੋਲਾ ਖਾਣ ਦੇ ਤਿੰਨ ਮਜ਼ਦੂਰ ਗੋਲੀ ਮਾਰ ਕੇ ਮਾਰੇ



ਬਲੋਚਿਸਤਾਨ, 22 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਕੱਲ੍ਹ ਕੋਲਾ ਖਾਣ ਦੇ ਤਿੰਨ ਮਜ਼ਦੂਰਾਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਇਹ ਘਟਨਾ ਬਲੋਚਿਸਤਾਨ ਦੇ ਹਰਨਈ ਦੇ ਜਲਵਾਨ ਇਲਾਕੇ ਵਿੱਚ ਵਾਪਰੀ ਹੈ।

ਮ੍ਰਿਤਕ ਖਾਣ ਮਜ਼ਦੂਰ ਅਫ਼ਗਾਨਿਸਤਾਨ ਦੇ ਕੰਧਾਰ ਦੇ ਵਾਸੀ ਸਨ। ਹਰਨਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸੋਹੇਲ ਹਾਸ਼ਮੀ ਨੇ ਦੱਸਿਆ ਕਿ ਹਮਲਾਵਰ ਕੱਲ੍ਹ ਤੜਕੇ ਇੱਕ ਕੋਲੇ ਦੀ ਖਾਣ ਵਿੱਚ ਪਹੁੰਚੇ ਅਤੇ ਉਨ੍ਹਾਂ ਨੇ ਮਜ਼ਦੂਰਾਂ ਉੱਤੇ ਗੋਲੀਆਂ ਚਲਾ ਦਿੱਤੀਆਂ। ਇਸ ਗੋਲੀਬਾਰੀ ਕਾਰਨ ਤਿੰਨ ਮਾਈਨਰਾਂ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਬੀਤੇ ਅਗੱਸਤ ਵਿੱਚ ਵੀ ਮਾਰਵਾੜ ਕੋਲਾ ਖੇਤਰ ਵਿੱਚ ਤਿੰਨ ਕੋਲਾ ਖਾਣ ਮਜ਼ਦੂਰਾਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।ਪਾਕਿਸਤਾਨ ਸੈਂਟਰਲ ਮਾਈਨਜ਼ ਐਂਡ ਲੇਬਰ ਫ਼ੈਡਰੇਸ਼ਨ ਦੇ ਜਨਰਲ ਸੈਕਟਰੀ ਲਾਲਾ ਸੁਲਤਾਨ ਨੇ ਕਿਹਾ ਕਿ ਇਸ ਸਾਲ ਸੂਬੇ ਵਿੱਚ ਘੱਟੋ-ਘੱਟ 104 ਕੋਲਾ ਖਾਣ ਮਜ਼ਦੂਰ ਜਾਨ ਗਵਾ ਚੁੱਕੇ ਹਨ। ਪਾਕਿ-ਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ (ਐਚ ਆਰ ਸੀ ਪੀ) ਨੇ ਬਲੋਚਿਸਤਾਨ ਵਿੱਚ ਕੋਲਾ ਖਾਣਾਂ ਵਿੱਚ ਚੱਲ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਕੰਮ ਕਰਨ ਦੀ ਸਥਿਤੀ ਉੱਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਸਰਕਾਰ ਨੂੰ ਕਾਰਵਾਈ ਕਰਨ ਲਈ ਕਿਹਾ ਹੈ।

## ਸਟੇਟ ਬੈਂਕ ਨੇ ਜਨ-ਧਨ ਖਾਤੇਦਾਰਾਂ ਕੋਲੋਂ ਵਸੂਲੇ 164 ਕਰੋੜ ਰੁਪਏ ਨਹੀਂ ਮੋੜੇ



ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਭਾਰਤੀ ਸਟੇਟ ਬੈਂਕ ਨੇ ਅਪ੍ਰੈਲ 2017 ਤੋਂ ਦਸੰਬਰ 2019 ਤੱਕ ਪ੍ਰਧਾਨ ਮੰਤਰੀ ਜਨ-ਧਨ ਯੋਜਨਾ ਦੇ ਖਾਤੇਦਾਰਾਂ ਤੋਂ ਡਿਜੀਟਲ ਭੁਗਤਾਨ ਦੇ ਬਦਲੇ ਵਸੂਲੇ ਗਏ 164 ਕਰੋੜ ਰੁਪਏ ਅਜੇ ਤੱਕ ਵੀ ਨਹੀਂ ਮੋੜੇ। ਮੁੰਬਈ ਦੀ ਭਾਰਤੀ ਤਕਨੀਕੀ ਸੰਸਥਾ ਵੱਲੋਂ ਜਨ-ਧਨ ਖਾਤਾ ਯੋਜਨਾਬਾਰੇ ਬਣਾਈ ਰਿਪੋਰਟ ਮੁਤਾਬਕ ਇਸ ਟੈਕਸ ਨੂੰ ਵਾਪਸ ਮੋੜਨ ਦਾ ਸਰਕਾਰ ਤੋਂ ਹੁਕਮ ਮਿਲਣ ਦੇ ਬਾਅਦ ਵੀ ਅਜੇ ਤਕ ਸਿਰਫ ਨੱਬੇ ਕਰੋੜ ਖਾਤੇਦਾਰਾਂ ਨੂੰ ਮੋੜੇ ਗਏ ਹਨ ਅਤੇ 164 ਕਰੋੜ ਰੁਪਏ ਦੀ ਰਕਮ ਮੋੜੀ ਜਾਣੀ ਬਾਕੀ ਹੈ।


ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਟੇਟ ਬੈਂਕ ਨੇ ਅਪ੍ਰੈਲ 2017 ਤੋਂ ਸਤੰਬਰ 2020 ਦੌਰਾਨ ਜਨ-ਧਨ ਯੋਜਨਾ ਹੇਠ ਖੋਲ੍ਹੇ ਗਏ ਸਾਧਾਰਨ ਬਚਤ ਖਾਤਿਆਂ ਤੋਂ ਯੂ ਪੀ ਆਈ ਅਤੇ ਰੁਪਏ ਲੈਣ-ਦੇਣ ਬਦਲੇ ਕੁੱਲ 254 ਕਰੋੜ ਤੋਂ ਵੱਧ ਟੈਕਸ ਵਸੂਲਿਆ ਸੀ। ਇਸ ਵਿੱਚ ਹਰ ਟਰਾਂਜ਼ੈਕਸ਼ਨ ਲਈ ਬੈਂਕ ਨੇ ਖਾਤੇਦਾਰਾਂ ਤੋਂ 17.70 ਰੁਪਏ ਦਾ ਟੈਕਸ ਲਿਆ ਸੀ। ਖਾਸ ਗੱਲ ਇਹ ਹੈ ਕਿ ਕਿਸੇ ਵੀ ਦੂਸਰੇ ਬੈਂਕ ਦੇ ਉਲਟ ਐਸ ਬੀ ਆਈ ਨੇ ਇੱਕ ਜੂਨ 2017 ਤੋਂ ਜਨ-ਧਨ ਖਾਤੇ ਵਾਲੇ ਲੋਕਾਂ ਵੱਲੋਂ ਡਿਜੀਟਲ ਲੈਣ-ਦੇਣ ਕਰਨ ਉੱਤੇ ਟੈਕਸ ਵਸੂਲਣਾ ਸ਼ੁਰੂ ਕਰ ਦਿੱਤਾ ਸੀ। ਇੱਕ ਮਹੀਨੇ ਵਿੱਚ ਚਾਰ ਤੋਂ ਵੱਧ ਵਾਰ ਪੈਸੇ ਲੈਣ ਉੱਤੇ ਬੈਂਕ 17.70 ਰੁਪਏ ਪ੍ਰਤੀ ਲੈਣ-ਦੇਣ ਟੈਕਸ ਲੈਂਦਾ ਸੀ। ਬੈਂਕ ਦੇ ਇਸ ਕਦਮ ਨਾਲ ਸਰਕਾਰ ਦੇ ਐਲਾਨ ਉੱਤੇ ਡਿਜੀਟਲ ਲੈਣ-ਦੇਣ ਕਰਨ ਵਾਲੇ ਜਨ-ਧਨ ਖਾਤੇਦਾਰਾਂ ਉੱਤੇਮਾੜਾ ਅਸਰ ਪਿਆ। ਰਿਪੋਰਟ ਮੁਤਾਬਕ ਬੈਂਕ ਦੇ ਇਸ ਰਵੱਈਏ ਦੀ ਅਗਸਤ 2020 ਵਿੱਚ ਵਿੱਤ ਮੰਤਰਾਲੇ ਨੂੰ ਸ਼ਿਕਾਇਤ ਕੀਤੀ ਗਈ ਤਾਂ ਉਸ ਨੇ ਤੁਰੰਤ ਕਦਮ ਉਠਾਇਆ। ਕੇਂਦਰੀ ਪ੍ਰਤੱਖ ਟੈਕਸ ਬੋਰਡ (ਸੀ ਬੀ ਡੀ ਟੀ) ਨੇ 30 ਅਗਸਤ 2020 ਨੂੰ ਕਿਹਾ ਕਿ ਇੱਕ ਜਨਵਰੀ 2020 ਤੋਂ ਖਾਤੇਦਾਰਾਂ ਤੋਂ ਲਿਆ ਟੈਕਸ ਵਾਪਸ ਕੀਤਾ ਜਾਏ। ਇਸ ਦੇ ਇਲਾਵਾ ਭਵਿੱਖ ਵਿੱਚ ਏਦਾਂ ਦਾ ਕੋਈ ਟੈਕਸ ਨਾ ਲਿਆ ਜਾਏ। ਇਸ ਪਿੱਛੋਂ ਐਸ ਬੀ ਆਈ ਨੇ 17 ਫਰਵਰੀ ਨੂੰ ਜਨ-ਧਨ ਦੇ ਬਦਲੇ ਲਏ ਟੈਕਸ ਮੋੜਨ ਦੀ ਪ੍ਰਕਿਰਿਆ ਸ਼ੁਰੂ ਕੀਤੀ, ਪਰ ਇਨ੍ਹਾਂ ਖਾਤੇਦਾਰਾਂ ਦੇ 164 ਕਰੋੜ ਰੁਪਏ ਅਜੇ ਵੀ ਮੋੜੇ ਜਾਣੇ ਬਾਕੀ ਹਨ।

## ਅਮਰੀਕੀ ਫੌਜੀ ਅਧਿਕਾਰੀ ਵੱਲੋਂ ਚੀਨ ਤੋਂ ਵਧੇ ਖਤਰੇ ਬਾਰੇ ਚਿਤਾਵਨੀ

ਹੈਲੀਫੈਕਸ, 22 ਨਵੰਬਰ (ਪੋਸਟ ਬਿਊਰੋ)- ਅਮਰੀਕੀ ਫੌਜਾਂ ਦੀ ਇੰਡੋ-ਪੈਸੇਫਿਕ ਕਮਾਂਡ ਦੇ ਮੁਖੀ ਨੇ ਕੱਲ੍ਹ ਕਿਹਾ ਕਿ ਅਮਰੀਕਾ ਤੇ ਇਸ ਦੇ ਸਾਥੀ ਦੇਸ਼ਾਂ ਨੂੰ ਇਸ ਖੇਤਰ ਵਿੱਚ ਹੋਰ ਤੇਜ਼ ਕਾਰਵਾਈ ਕਰਨ ਦੀ ਲੋੜ ਹੈ।

ਜਾਣਕਾਰਾਂ ਦਾ ਕਹਿਣਾ ਹੈ ਕਿ ਅਮਰੀਕੀ ਜਰਨੈਲ ਦੀ ਇਹ ਟਿੱਪਣੀ ਇਸ ਖਿੱਤੇ ਵਿੱਚ ਚੀਨ ਦੀ ਫੌਜੀ ਗਤੀਵਿਧੀ ਵਧਣ ਦੇ ਕਾਰਨ ਆਈ ਹੈ। ਐਡਮਿਰਲ ਜੌਹਨ ਸੀ ਐਕਿਊਲਿਨੋ ਨੇ ਦੁਹਰਾਇਆ ਕਿ ਅਮਰੀਕਾ ਇੰਡੋ-ਪੈਸੇਫਿਕ ਖੇਤਰ ਵਿੱਚ ਆਜ਼ਾਦ ਅਤੇ ਖੁੱਲ੍ਹੀ ਆਵਾਜਾਈ ਜਾਰੀ ਰੱਖਣ ਲਈ ਵਚਨਬੱਧ ਹੈ। ਹੈਲੀਫੈਕਸ ਕੌਮਾਂਤਰੀ ਸੁਰੱਖਿਆ ਫੋਰਮ ਮੌਕੇ ਉਨ੍ਹਾਂ ਕਿਹਾ ਕਿ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੇ ਸੁਰੱਖਿਆ ਦਸਤਿਆਂ ਨੂੰ ਕਿਹਾ ਹੈ ਕਿ ਉਹ 2027 ਤਕ ਫੌਜੀ ਪੱਧਰ ਉਤੇ ਅਮਰੀਕਾ ਦੇ ਬਰਾਬਰ ਹੋਣ। ਅਮਰੀਕੀ ਕਮਾਂਡਰ ਨੇ ਕਿਹਾ ਕਿ ਅਮਰੀਕਾ ਤੇ ਇਸ ਦੇ ਸਹਿਯੋਗੀ ਦੇਸ਼ਾਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ ਅਤੇ ਕੌਮਾਂਤਰੀ ਪਾਣੀਆਂ ਵਿੱਚ ਤਾਲਮੇਲ ਵਧਾਉਣਾ ਪਏਗਾ ਤਾਂ ਕਿ ਲੋੜ ਪੈਣ ਉਤੇ ਮਿਲ ਕੇ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਮਰੱਥਾ ਵਿੱਚ ਤੇਜ਼ੀ ਨਾਲ ਵਾਧਾ ਕਰਨਾ ਪਵੇਗਾ।

ਵਰਨਣ ਯੋਗ ਹੈ ਕਿ ਚੀਨ ਦੀ ਫੌਜ ਨੇ ਤਾਈਵਾਨ ਨੇੜੇ ਲੜਾਕੂ ਜਹਾਜ਼ਾਂ ਦੀ ਗਿਣਤੀ ਹੋਰ ਵਧਾ ਦਿੱਤੀ ਹੈ। ਚੀਨ ਤਾਈਵਾਨ ਨੂੰ ਆਪਣ ਹਿੱਸਾ ਮੰਨਦਾ ਤੇ ਤਾਕਤ ਦੀ ਵਰਤੋਂ ਕਰ ਕੇ ਇਸ ਨੂੰ ਮੁਲਕ ਦਾ ਹਿੱਸਾ ਬਣਾਉਣ ਦੀ ਧਮਕੀ ਵੀ ਦੇ ਚੁੱਕਾ ਹੈ। ਇਸੇ ਹਫਤੇ ਚੀਨ ਨੇਕੋਸਟ ਗਾਰਡਜ਼ ਦੀਆਂ ਦੋ ਕਿਸ਼ਤੀਆਂ ਨੂੰ ਘੇਰਿਆ ਤੇ ਉਨ੍ਹਾਂ ਉਤੇ ਪਾਣੀ ਦੀ ਬੁਛਾੜ ਕਰ ਦਿਤੀ। ਇਹ ਕਿਸ਼ਤੀਆਂ ਦੱਖਣੀ ਚੀਨ ਸਾਗਰ ਵਿੱਚ ਸਪਲਾਈ ਲਈ ਗਸ਼ਤ ਕਰ ਰਹੀਆਂ ਸਨ।




## ਪੀ ਡੀ ਐਮ ਦਾ ਐਲਾਨ, ਇਮਰਾਨ ਖਾਨ ਨੂੰ ਅਹੁਦੇ ਤੋਂ ਹਟਾਉਣ ਤਕ ਲੜਦੇ ਰਹਾਂਗੇ



ਪਿਸ਼ਾਵਰ, 22 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਵਿਰੋਧੀ ਪਾਰਟੀਆਂ ਦੇ ਗੱਠਜੋੜ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਨੇ ਇਮਰਾਨ ਖਾਨ ਦੀ ਸਰਕਾਰ ਉੱਤੇ ਦੇਸ਼ ਦੀ ਇਸਲਾਮਕ ਪਛਾਣ ਨੂੰ ਨੁਕਸਾਨ ਪੁਚਾਉਣ ਦਾ ਦੋਸ਼ ਲਾਇਆ ਹੈ। ਪਿਸ਼ਾਵਰ ਵਿੱਚ ਸਰਕਾਰ ਵਿਰੋਧੀ ਰੈਲੀ ਨੂੰ ਸੰਬੋਧਨ ਕਰਦੇ ਹੋਏ ਪੀਡੀ ਐਮ ਮੁਖੀ ਮੌਲਾਨਾ ਫਜ਼ਲੁਰ ਰਹਿਮਾਨ ਨੇ ਕਿਹਾ, ਸਾਡੇ ਇਸਲਾਮਾਬਾਦ ਜਾਣ ਉੱਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਬਚਣ ਦਾ ਮੌਕਾ ਨਹੀਂ ਮਿਲੇਗਾ। ਲੜਾਈ ਉਦੋਂ ਤਕ ਚੱਲੇਗੀ, ਜਦੋਂ ਤਕ ਇਮਰਾਨ ਸਰਕਾਰ ਨੂੰ ਸੱਤਾ ਤੋਂ ਉਖਾੜ ਨਹੀਂ ਦਿੰਦੇ। ਪੀ ਡੀ ਐਮ ਨੇਤਾਵਾਂ ਨਾਲ ਰੈਲੀ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਸੀਂ ਇਸਲਾਮਾਬਾਦ ਪਹੁੰਚ ਕੇ ਸੜਕਾਂ ਠੱਪ ਕਰ ਦੇਵਾਂਗੇ।

ਵਰਨਣ ਯੋਗ ਹੈ ਕਿਪੀ ਡੀ ਐੱਫ ਦਾ ਕਹਿਣਾ ਹੈ ਕਿ ਅਸੀਂ ਲੋਕਲ ਚੋਣਾਂ ਦੀ ਮੰਗ ਨਹੀਂ ਕਰਦੇ, ਫੌਰੀ ਤੌਰ ਉੱਤੇ ਆਮ ਚੋਣਾਂ ਕਰਾਉਣੀਆਂ ਚਾਹੁੰਦੇ ਹਾਂ। ਪੀ ਡੀ ਐਮ ਦੇ ਮੁਖੀ ਨੇ 2018 ਦੀਆਂ ਆਮ ਚੋਣਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਲੋਕਾਂ ਦੇ ਚੋਰੀ ਕੀਤੇ ਵੋਟ ਵਾਪਸ ਕੀਤੇ ਜਾਣੇ ਚਾਹੀਦੇ ਹਨ। ਸਰਕਾਰ ਨੇ ਅਗਲੀਆਂ ਚੋਣਾਂ ਵਿੱਚ ਇੱਕ ਵਾਰ ਫਿਰ ਤੋਂ ਘਪਲੇ ਕਰਨ ਦੀ ਵਿਵਸਥਾ ਕਰ ਦਿੱਤੀ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਪੀ ਡੀ ਐਮ ਨੇ ਭ੍ਰਿਸ਼ਟਾਚਾਰ ਅਤੇ ਵਧ ਰਹੀ ਮਹਿੰਗਾਈ ਉੱਤੇ ਸਰਕਾਰ ਦੇ ਖਿਲਾਫ ਇਸਲਾਮਾਬਾਦ ਵੱਲ ਇੱਕ ਜਲੂਸ ਕੱਢਣ ਦਾ ਐਲਾਨ ਕੀਤਾ ਸੀ।ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖ਼ਾਕਾਨ ਅੱਬਾਸੀ ਨੇ ਕਿਹਾ, ਮੌਜੂਦਾ ਸਰਕਾਰ ਆਮ ਲੋਕਾਂ ਦੇ ਦੁੱਖਾਂ ਤੋਂ ਬੇਖਬਰ ਹੈ ਅਤੇ ਰਾਜ ਕਰਨ ਦੇ ਯੋਗ ਨਹੀਂ, ਇਸ ਲਈ ਪ੍ਰਧਾਨ ਮੰਤਰੀ ਇਮਰਾਨ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਨੇਤਾ ਨੇ ਕਿਹਾ ਕਿ ਚੋਣਾਂ ਵਿੱਚ ਘਪਲੇਬਾਜ਼ੀ ਜ਼ਾਹਰ ਹੋ ਰਹੀ ਹੈ। ਸਾਬਕਾ ਚੀਫ ਜਸਟਿਸ ਰਾਣਾ ਸ਼ਮੀਮ ਨੇ ਚੋਣਾਂ ਵਿੱਚ ਧਾਂਦਲੀ ਵਿੱਚ ਭੂਮਿਕਾ ਲਈ ਸਾਬਕਾ ਚੀਫ ਜਸਟਿਸ ਸਾਕਿਬ ਨਿਸਾਰ ਨੂੰ ਦੋਸ਼ੀ ਠਹਿਰਾਇਆ ਸੀ।

## ਸਰਕਾਰ ਬੰਬੇ ਹਾਈ ਦਾ ਖੇਤਰ ਵੀ ਕਾਰਪੋਰੇਟਾਂ ਨੂੰ ਸੌਂਪਣ ਲੱਗੀ

ਨਵੀਂ ਦਿੱਲੀ, 22 ਨਵੰਬਰ (ਪੋਸਟ ਬਿਊਰੋ)- ਤੇਲ ਅਤੇ ਕੁਦਰਤੀ ਗੈਸ ਕਮਿਸ਼ਨ (ਓ ਐਨ ਜੀ ਸੀ) ਦੇ ਅਧਿਕਾਰੀਆਂ ਦੀ ਇੱਕ ਯੂਨੀਅਨ ਨੇ ਕੰਪਨੀ ਦੇ ਸਭ ਤੋਂ ਵੱਡੇ ਤੇਲ ਅਤੇ ਗੈਸ ਖੇਤਰ (ਬੰਬੇ ਹਾਈ) ਨੂੰ ਵਿਦੇਸ਼ੀ ਕੰਪਨੀਆਂ ਨੂੰ ਥਾਲੀ ਵਿੱਚ ਸਜਾ ਕੇ ਦੇਣ ਦੇ ਪੈਟਰੋਲੀਅਮ ਮੰਤਰਾਲੇ ਦੇ ਵਿਚਾਰ ਦਾ ਸਖਤ ਵਿਰੋਧ ਕੀਤਾ ਹੈ।

ਇਸ ਸੰਬੰਧ ਵਿੱਚ ਯੂਨੀਅਨ ਦਾ ਕਹਿਣਾ ਹੈ ਕਿ ਸਰਕਾਰ ਨੂੰ ਅਜਿਹਾ ਕਦਮ ਚੁੱਕਣ ਦੀ ਥਾਂ ਕੰਪਨੀ ਨੂੰ ਮਜ਼ਬੂਤ ਕਰਨਾ ਤੇ ਉਸ ਨੂੰ ਬਰਾਬਰ ਮੌਕਾ ਦੇਣਾ ਚਾਹੀਦਾ ਹੈ।ਓ ਐਨ ਜੀ ਸੀ ਦੇ ਅਧਿਕਾਰੀਆਂ ਦੀ ਯੂਨੀਅਨ ਵਿਗਿਆਨਕ ਅਤੇ ਤਕਨੀਕੀ ਦਫਤਰ ਦੀ ਐਸੋਸੀਏਸ਼ਨ ਨੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਵਿੱਚ ਐਡੀਸ਼ਨਲਸੈਕਟਰੀ (ਖੋਜ) ਅਮਰ ਨਾਥ ਵੱਲੋਂ ਬੰਬੇ ਹਾਈ ਦੀ 60 ਫੀਸਦੀ ਹਿੱਸੇਦਾਰੀ ਅਤੇ ਕੰਮ-ਕਾਰ ਕੌਮਾਂਤਰੀ ਭਾਈਵਾਲਾਂ ਨੂੰ ਦੇਣ ਦੇ ਖਿਲਾਫ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਨੂੰ ਅਪੀਲ ਕੀਤੀ ਹੈ। ਐਡੀਸ਼ਨਲਸੈਕਟਰੀ ਨੇ ਉਤਪਾਦਨ ਵਧਾਉਣ ਲਈ ਬੇਸਿਨ ਅਤੇ ਸੈਟੇਲਾਈਟ (ਬੀ ਐਂਡ ਐਸ) ਨਾਲ ਸਬੰਧਤ ਜਾਇਦਾਦਾਂ ਵਿੱਚ 60 ਫੀਸਦੀ ਹਿੱਸੇਦਾਰੀ ਕੌਮਾਂਤਰੀ ਭਾਈਵਾਲਾਂ ਨੂੰ ਦੇਣ ਦਾ ਪ੍ਰਸਤਾਵ ਦਿੱਤਾ ਹੈ। ਯੂਨੀਅਨ ਨੇ ਕਿਹਾ, ਕੰਪਨੀ ਅਤੇ ਉਸ ਦੇ ਕਰਮਚਾਰੀ ਇੰਪੋਰਟ ਵਿੱਚ ਕਟੌਤੀ ਕਰਕੇ ਘਰੇਲੂ ਉਤਪਾਦਨ ਵਧਾਉਣ ਦੇ ਸਰਕਾਰੀ ਮਕਸਦ ਨਾਲ ਪੂਰੀ ਤਰ੍ਹਾਂ ਜੁੜੇ ਹਨ। ਇਸ ਨੂੰ ਹਾਸਲ ਕਰਨ ਲਈ ਓ ਐਨ ਜੀ ਸੀ ਨੂੰ ਤੇਲ ਅਤੇ ਗੈਸ ਖੋਜ ਲਈ ਨਿੱਜੀ ਖੇਤਰ ਦੇ ਬਰਾਬਰ ਵਿੱਤੀ ਅਤੇ ਰੈਗੂਲੇਟਰੀ ਵਿਵਸਥਾ ਦੇਣੀ ਚਾਹੀਦੀ ਹੈ।




## ਤ੍ਰਿਣਮੂਲ ਕਾਂਗਰਸ ਦੀ ਸਯਾਨੀ ਘੋਸ਼ ਤ੍ਰਿਪੁਰਾ ਵਿੱਚ ਗ੍ਰਿਫਤਾਰ

ਅਗਰਤਲਾ, 22 ਨਵੰਬਰ (ਪੋਸਟ ਬਿਊਰੋ)- ਤ੍ਰਿਪੁਰਾ ਵਿੱਚ 25 ਨਵੰਬਰ ਨੂੰ ਹੋਣ ਵਾਲੀਆਂ ਸਥਾਨਕ ਚੋਣਾਂ ਤੋਂ ਪਹਿਲਾਂ ਹੋ ਰਹੀ ਹਿੰਸਾ ਅਤੇ ਤਣਾਅ ਦੇ ਦੌਰਾਨ ਪੁਲਸ ਨੇ ਕੱਲ੍ਹ ਪੱਛਮੀ ਬੰਗਾਲ ਤ੍ਰਿਣਮੂਲ ਯੂਥ ਕਾਂਗਰਸ ਪ੍ਰਧਾਨ ਸਯਾਨੀ ਘੋਸ਼ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਉੱਤੇ ਹੱਤਿਆ ਅਤੇ ਦੰਗੇ ਫੈਲਾਉਣ ਦੀਆਂ ਧਾਰਾ ਲਾਈਆਂ ਹਨ।

ਤ੍ਰਿਣਮੂਲ ਕਾਂਗਰਸ ਨੇ ਭਾਜਪਾ ਉੱਤੇ ਦੋਸ਼ ਲਾਇਆ ਹੈ ਕਿ ਉਹ ਉਨ੍ਹਾਂ ਦੇ ਉਮੀਦਵਾਰਾਂ ਅਤੇ ਵਰਕਰਾਂ ਉੱਤੇ ਹਮਲੇ ਕਰਵਾ ਰਹੀ ਹੈ।ਉਨ੍ਹਾਂ ਤ੍ਰਿਪੁਰਾ ਪੁਲਸ ਉੱਤੇ ਵੀ ਦੋਸ਼ ਲਾਇਆ ਹੈ ਕਿ ਉਹ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਮੂਕ ਦਰਸ਼ਕ ਬਣੀ ਹੋਈ ਹੈ। ਐਡੀਸ਼ਨਲ ਕਮਿਸ਼ਨਰ ਪੀ ਬੀ ਜਗਦੇਸ਼ਵਰ ਰੈਡੀ ਨੇ ਦੱਸਿਆ ਕਿ ਸਯਾਨੀ ਨੂੰ ਅਦਾਲਤ ਪੇਸ਼ ਕੀਤਾ ਜਾਵੇਗਾ ਅਤੇ ਤ੍ਰਿਣਮੂਲ ਦੇ ਚਾਰ ਹੋਰ ਵਰਕਰਾਂ ਦੀ ਭਾਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਹੁਕਮਰਾਨ ਭਾਜਪਾ ਵਰਕਰਾਂ ਨੇ ਪੁਲਸ ਸਟੇਸ਼ਨ ਵਿੱਚ ਹੰਗਾਮਾ ਕੀਤਾ ਤਾਂ ਉਸ ਸਮੇਂ ਘੋਸ਼ ਅਤੇ ਤ੍ਰਿਣਮੂਲ ਕਾਂਗਰਸ ਦੇ ਆਗੂ ਪੁਲਸ ਨਾਲ ਮੀਟਿੰਗ ਕਰ ਰਹੇ ਸਨ। ਘੋਸ਼ ਨੂੰ ਮਹਿਲਾ ਪੁਲਸ ਸਟੇਸ਼ਨਸੱਦਿਆ ਗਿਆ ਸੀ। ਉਸ ਨਾਲ ਤ੍ਰਿਣਮੂਲ ਕਾਂਗਰਸ ਦੀ ਰਾਜ ਸਭਾ ਮੈਂਬਰ ਸੁਸ਼ਮਿਤਾ ਦੇਵ, ਕੁਨਾਲ ਘੋਸ਼, ਅਰਪਿਤਾ ਘੋਸ਼, ਸੁਬਾਲ ਭੌਮਿਕ ਅਤੇ ਹੋਰ ਆਗੂ ਹਾਜ਼ਰ ਸਨ। ਤ੍ਰਿਣਮੂਲ ਆਗੂ ਨੂੰ ਬਿਨਾਂ ਕੋਈ ਲਿਖਤੀ ਨੋਟਿਸ ਦਿੱਤੇ ਪੁਲਸ ਸਟੇਸ਼ਨਸੱਦਿਆ ਗਿਆ ਸੀ। ਸੁਸ਼ਮਿਤਾ ਦੇਵ ਨੇ ਕਿਹਾ ਕਿ ਪੁਲਸ ਨੇ ਸੁਪਰੀਮ ਕੋਰਟ ਦੇ ਨਿਰਦੇਸ਼ ਨੂੰ ਅਣਗੌਲਿਆਂ ਕਰ ਦਿੱਤਾ ਤੇ ਭਾਜਪਾ ਸਿਆਸੀ ਬਦਲਾਖੋਰੀ ਦੇ ਹੱਥਕੰਡੇ ਅਪਣਾ ਰਹੀ ਹੈ।

# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, | ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton


Apply In Person to complete application in the Shipping Department



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


# Matrimonial

## ਰਿਸ਼ਤੇ ਹੀ ਰਿਸ਼ਤੇ


Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202



Check our Free E-paper at:
www.canadianpunjabipost.ca

905-793-2202

ਪੰਜਾਬੀ ਪੋਸਟ





WWW.KULWINDERCHHINA.COM



KULWINDERCHHINA
BROKER
647.293.2327



STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀਂ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ
416.230.4000 • 647.409.1092
www.STARLANEPAINTING.com



# ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਲੋੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੇਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਲੜਕੀ ਦੀ ਲੋੜ

Jatt Sikh boy truck driver, 5'11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**


A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952
70 Delta Park Blvd, Unit # 4, Brampton


## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Check our Free E-paper at:
www.canadianpunjabipost.ca

905-793-2202

ਪੰਜਾਬੀ ਪੋਸਟ





# A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?

## ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?





BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

### CALEDON




ਕੈਨੇਡੀ / ਦੁੱਗਲ

ਬਰੈਂਡ ਨੀਉ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

### BRAMPTON



Queen St / West Drive $514,905

12 laurelcrest St. 411
Queen St./West Drive
ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੂਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

### BRAMPTON




$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

### BRAMPTON



24 Youngstar Tr
Hwy 50/Cottrelle
2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫ਼ਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

### BRAMPTON




34 Winterfold Dr
CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017